
FARM AND SPICE
Open 7 Days a Week
8.30 am to 9.00 pm
SPECIAL OFFERS: 05-11 MAY
Daily Specials on
ਯੈਲੋ/ਓਰੇਂਜ ਪੈਪਰ
Yellow/Orange Pepper
99¢ /lb
ਟਮਾਟਰ
Tomatoes Field
$1.29 /lb
ਗਾਜਰ
Carrot Snaptop
99¢ /lb
ਟਮਾਟਰ
Tomatoes Otv
$1.49 /lb
ਗ੍ਰੀਨ/ਰੈਡ ਪੈਪਰ
Green/Red Pepper
$1.49 /lb
ਹਰੇ ਪਿਆਜ਼
Green Onion
69¢ each
ਵੈਜੀ ਮੈਰੋ
Veggie Marrow
$1.29 /lb
ਐਂਬ੍ਰੋਸੀਆ ਸੇਬ
Ambrosia Apple
$1.49 /lb
ਸੰਤਰਾ ਛੋਟਾ/ਵਡਾ
Orange Small/Large
$1.49 /lb
ਆਵੋਕਾਡੋ
Avocado
99¢ each
ਜ਼ੁਕੀਨੀ
Zuchinni
$1.29 /lb
ਟਮਾਟਰ
Tomatoes Roma
$1.29 /lb
ਫੂਜੀ ਸੇਬ
Fuji Apple
$1.49 /lb
ਕਾਸਮਿਕ ਕ੍ਰਿਸਪ ਸੇਬ
Cosmic Crisp Apple
$1.49 /lb
ਖੀਰਾ
Cucumber English
$1.49 each
ਖੀਰਾ ਛੋਟਾ
Cucumber Mini
$1.99 each
ਲਸਣ
Garlic Bulk
$1.49 /lb
ਗਾਲਾ ਬੀ ਸੀ ਸੇਬ
Gala BC Apple
$1.49 /lb
ਅੰਜੂ ਪੀਅਰਜ਼
Anjou Pears
$1.49 /lb
ਛੋਟਾ ਬੈਂਗਣ
Small Egg Plant
$1.99 /lb
ਲੰਬਾ ਬੈਂਗਣ
Eggplant Long
$1.99 each
ਜੰਬੋ ਬੈਂਗਣ
Eggplant Jumbo
$1.99 each
ਸੋਹਣਾ ਸਾਗ
Sohna Sarson Ka Saag
850g
$2.99 each
ਪਚਰੰਗਾ ਸ਼ੱਕਰ
Pachranga Punjabi Shakkar
1kg
$3.99 each
ਤਰਬੂਜ਼
Watermelon Mini
$3.49 each
ਅਮਰੂਦ
Guava
$3.99 /lb
ਪਾਰਲੀਮੈਂਟ ਚਾਵਲ
Parliament Basmati Rice
8 lb
$7.99 each
ਰੈਡ ਲੇਬਲ ਚਾਹ
Red Label Round Tea Bags
216Bags
$9.99 each
ਹੀਰ ਆਟਾ
Heer Atta Whole Wheat/ Durum Chakki
20 lb
$12.99 each
ਕ੍ਰਾਊਨ ਤੇਲ
Crown Sunflower Oil
3 ltr
$14.99 each
A+Plus
A+Plus asstd. pulses 1kg
50% OFF
Mangoes available at both locations
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last

# ਇੰਡੋ ਕਨੇਡੀਅਨ ਸੀਨੀਅਰ ਸੈਂਟਰ ਦਾ ਰਵਾਇਤੀ ਮਹੀਨਾਵਾਰ ਕਵੀ ਦਰਬਾਰ ਹੋਇਆ



ਸਰੀ:-ਇੰਡੋ ਕਨੇਡੀਅਨ ਸੀਨੀਅਰ ਸੈਂਟਰ ਸਰ੍ਹੀ-ਡੈਲਟਾ ਦਾ ਮਹੀਨਾਵਾਰ ਕਵੀ ਦਰਬਾਰ 30 ਅਪ੍ਰੈਲ 2023 ਦਿਨ ਐਤਵਾਰ ਨੂੰ ਓਪਰਲੇ ਹਾਲ ਵਿੱਚ ਠੀਕ 1.15 ਵਜੇ ਪ੍ਰਧਾਨ ਸ: ਹਰਪਾਲ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਪੂਰੀ ਧੂਮ-ਧਾਮ ਨਾਲ ਸ਼ੁਰੂ ਹੋਇਆ।ਇਹ ਕਵੀ ਦਰਬਾਰ ਵਿਸਾਖੀ ਨੂੰ ਸਮਰਪਿਤ ਕੀਤਾ ਗਿਆ। ਜਿੰਨ੍ਹਾ ਕਵੀ ਸੱਜਨਾ ਅਤੇ ਬੁਲਾਰਿਆਂ ਨੇ ਭਾਗ ਲਿਆ, ਉਹਨਾ ਵਿੱਚ ਸ: ਗੁਰਬਚਨ ਸਿੰਘ ਬਰਾੜ, ਦਰਸ਼ਨ ਸਿੰਘ ਅਟਵਾਲ, ਗੁਰਮੀਤ ਸਿੰਘ ਕਾਲਕਟ, ਪਲਵਿੰਦਰ ਸਿੰਘ ਰੰਧਾਵਾ, ਪ੍ਰਿਤਪਾਲ ਸਿੰਘ ਗਿੱਲ, ਗੁਰਮੀਤ ਸਿੰਘ ਸੇਖੋਂ ਮਨਜੀਤ ਸਿੰਘ ਮੱਲਾ, ਰਵਿੰਦਰ ਕੋਰ ਬੈਂਸ, ਸੁਰਜੀਤ ਸਿੰਘ ਗਿੱਲ, ਮਲੂਕ ਚੰਦ ਕਲੇਰ, ਪ੍ਰਿੰਸੀਪਲ ਸਤਨਾਮ ਸਿੰਘ, ਰਣਜੀਤ ਸਿੰਘ ਨਿੱਝਰ, ਜੀਤ ਸਿੰਘ ਮਹਿਰਾ, ਪਵਿੱਤਰ ਕੋਰ ਬਰਾੜ, ਗੁਰਦਰਸ਼ਨ ਸਿੰਘ ਤਤਲਾ, ਗੁਰਮੁਖ ਸਿੰਘ ਨੰਨਰ, ਜਗਜੀਤ ਸਿੰਘ ਸਖੋਂ, ਸੁਖਦੇਵ ਸਿੰਘ ਦਰਦੀ ਆਦਿ ਕਵੀਆਂ ਨੇ ਖੂਬ ਰੰਗ ਬੰਨੇ। ਸਟੇਜ ਸਕੱਤਰ ਦੀ ਜਿੰਮੇਵਾਰੀ ਸ: ਗੁਰਬਚਨ ਸਿੰਘ ਬਰਾੜ ਨੇ ਪੂਰੀ ਜਿੰਮੇਵਾਰੀ ਨਾਲ ਨਿਭਾਈ। ਅੰਤ ਵਿਚੱ ਪ੍ਰਧਾਨ ਸ: ਹਰਪਾਲ ਸਿੰਘ ਬਰਾੜ ਨੇ ਸ: ਗੁਰਮੀਤ ਸਿੰਘ ਸੇਖੋਂ ਦਾ ਜਨਮ ਦਿਨ ਮਨਾਉਂਦੇ ਹੋਏ ਓਨਾ ਨੂੰ ਵਧਾਇਆਂ ਦਿਤੀਆਂ ਅਤੇ ਸੀਨੀਅਰ ਸੈਂਟਰ ਦੀ ਸੇਵਾ ਕਰਨ ਦਾ ਧੰਨਵਾਦ ਕੀਤਾ। ਚਾਹ ਪਾਣੀ ਦੀ ਸੇਵਾ ਵੀ ਸ: ਗੁਰਮੀਤ ਸਿੰਘ ਸੇਖੋਂ ਵੱਲੋ ਕੀਤੀ ਗਈ ।

# ਅਕਾਲੀ ਦਲ ਦੇ ਆਗੂ ਨੇ ਪਰਮਜੀਤ ਸਿੰਘ ਰਾਣਾ ਵੱਲੋਂ ਲੱਖਾਂ ਰੁਪਏ ਦਾ ਗਬਨ ਕਰਨ ਦੀ ਹੋਈ ਫੌਜਦਾਰੀ ਸ਼ਿਕਾਇਤ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):-ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦੇ ਆਗੂ ਜੁਝਾਰ ਸਿੰਘ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਤੇ ਸਾਬਕਾ ਕੌਂਸਲਰ ਪਰਮਜੀਤ ਸਿੰਘ ਰਾਣਾ ਵੱਲੋਂ ਦਿੱਲੀ ਗੁਰਦੁਆਰਾ ਕਮੇਟੀ ਦੇ ਧਰਮ ਪ੍ਰਚਾਰ ਕਮੇਟੀ ਦਾ ਚੇਅਰਮੈਨ ਹੁੰਦਿਆਂ ਲੱਖਾਂ ਰੁਪਏ ਦਾ ਗਬਨ ਕਰਨ ਦੀ ਫੌਜਦਾਰੀ ਸ਼ਿਕਾਇਤ ਦਰਜ ਕਰਵਾਈ ਹੈ।

ਉਪ ਰਾਜਪਾਲ ਵੀ ਕੇ ਸਕਸੈਨਾ ਅਤੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਜੁਝਾਰ ਸਿੰਘ ਨੇ ਦੱਸਿਆ ਕਿ ਪਰਮਜੀਤ ਸਿੰਘ ਰਾਣਾ ਦਿੱਲੀ ਗੁਰਦੁਆਰਾ ਕਮੇਟੀ ਦੇ ਮੈਂਬਰ ਹਨ ਜੋ ਪਹਿਲਾਂ ਧਰਮ ਪ੍ਰਚਾਰ ਕਮੇਟੀਦੇ ਚੇਅਰਮੈਨ ਵੀ ਸਨ।ਉਹਨਾਂ ਚੇਅਰਮੈਨ ਹੁੰਦਿਆਂ ਗੁਰਦੁਆਰਾ ਫੰਡਾਂ ਵਿਚ ਅਨੇਕਾਂ ਘਪਲੇ ਕੀਤੇ ਹਨ। ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਉਹਨਾਂ ਖਿਲਾਫ ਇਹ ਵੀ ਗੰਭੀਰ ਦੋਸ਼ ਹੈ ਕਿ ਉਹਨਾਂ ਨੇ ਰਮਨ ਟੈਂਟ ਹਾਊਸ ਦੇ ਮਾਲਕ 77 ਸਾਲਾ ਜੇ ਐਸ ਤਲਵਾੜ ਨੂੰ ਦਿੱਲੀ ਗੁਰਦੁਆਰਾ ਕਮੇਟੀ ਦੇ ਧਾਰਮਿਕ ਸਮਾਗਮਾਂ ਵਿਚ ਟੈਂਟ ਤੇ ਹੋਰ ਕੰਮ ਦੁਆਉਣ ਬਦਲੇ ਉਹਨਾਂ ਤੋਂ ਲੱਖਾਂ ਰੁਪਏ ਰਿਸ਼ਵਤ ਵਜੋਂ ਉਗਰਾਹੇ ਹਨ।

# ‘ਝੂਠ ਕੀ ਬਾਤ’ ਨਾਲ ਲੋਕਾਂ ਨੂੰ ਮੂਰਖ ਬਣਾ ਰਹੀ ਹੈ ਭਾਜਪਾ:ਮਮਤਾ

ਕੋਲਕਾਤਾ:ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਾਸਿਕ ਰੇਡੀਓ ਪ੍ਰੋਗਰਾਮ ‘ਮਨ ਕੀ ਬਾਤ’ ਉੱਤੇ ਚੁਟਕੀ ਲੈਂਦਿਆਂ ਅੱਜ ਦਾਅਵਾ ਕੀਤਾ ਕਿ ਭਾਜਪਾ ‘ਝੂਠ ਕੀ ਬਾਤ’ ਨਾਲ ਲੋਕਾਂ ਨੂੰ ਬੇਵਕੂਫ ਬਣਾ ਰਹੀ ਹੈ।

ਤ੍ਰਿਣਮੂਲ ਕਾਂਗਰਸ ਨੂੰ ਸਾਲ 2021 ਵਿਚ ਮਿਲੀ ਸ਼ਾਨਦਾਰ ਜਿੱਤ ਦੀ ਦੂਜੀ ਵਰ੍ਹੇਗੰਢ ’ਤੇ ਸੂਬੇ ਦੇ ਲੋਕਾਂ ਨੂੰ ਵਧਾਈ ਦਿੰਦਿਆਂ ਪਾਰਟੀ ਸੁਪਰੀਮੋ ਨੇ ਵਿਰੋਧੀ ਧਿਰਾਂ ਨੂੰ ਅਪੀਲ ਕੀਤੀ ਕਿ ਉਹ ਇਕਜੁੱਟ ਹੋ ਕੇ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਸੱਤਾ ਤੋਂ ਬਾਹਰ ਕਰਨ। ਮੁੱਖ ਮੰਤਰੀ ਨੇ ਇਕ ਵੀਡੀਓ ਸੁਨੇਹੇ ਵਿੱਚ ਲੋਕਾਂ ਨੂੰ ਕਿਹਾ, ‘‘ਮਨ ਕੀ ਬਾਤ ਦੇ ਨਾਂ ’ਤੇ ਭਾਜਪਾ ‘ਝੂਠ ਕੀ ਬਾਤ’ ਨਾਲ ਲੋਕਾਂ ਨੂੰ ਬੇਵਕੂਫ਼ ਬਣਾਉਂਦੀ ਹੈ। ਭਾਜਪਾ ਹਰੇਕ ਚੋਣਾਂ ਤੋਂ ਪਹਿਲਾਂ ਵਾਅਦੇ ਕਰਦੀ ਹੈ ਤੇ ਚੋਣਾਂ ਮਗਰੋਂ ਭੁੱਲ ਜਾਂਦੀ ਹੈ।’’ਉਨ੍ਹਾਂ ਕਿਹਾ, ‘‘ਮੈਂ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਅਪੀਲ ਕਰਦੀ ਹਾਂ ਕਿ ਉਹ ਇਕਜੁੱਟ ਹੋਣ....ਜਦੋਂ ਸਾਰੀਆਂ ਵਿਰੋਧੀ ਧਿਰਾਂ ਇਕੱਠੀਆਂ ਹੋ ਜਾਣਗੀਆਂ, ਭਾਜਪਾ ਜੰਗ ਹਾਰ ਜਾਵੇਗੀ ਤੇ ਭਾਰਤ ਵੰਡਪਾਊ ਤਾਕਤਾਂ ਖ਼ਿਲਾਫ਼ ਜੰਗ ਜਿੱਤ ਜਾਵੇਗਾ।’’

# ਦਿਲਜੀਤ ਦੀ ਫਿਲਮ ‘ਜੋੜੀ ਤੇਰੀ ਮੇਰੀ’ ’ਤੇ ਰੋਕ

ਲੁਧਿਆਣਾ: ਸਿਵਲ ਜੱਜ (ਜੂਨੀਅਰ ਡਵੀਜ਼ਨ) ਕਰਨਦੀਪ ਕੌਰ ਨੇ ਮਰਹੂਮ ਪੰਜਾਬੀ ਗਾਇਕ ਅਮਰ ਸਿੰਘ ਚਮਕੀਲਾ ਅਤੇ ਉਸ ਦੀ ਦੂਜੀ ਪਤਨੀ ਅਮਰਜੋਤ ਕੌਰ ’ਤੇ ਦਿਲਜੀਤ ਦੁਸਾਂਝ ਦੀ ਪੰਜਾਬੀ ਫਿਲਮ ‘ਜੋੜੀ ਤੇਰੀ ਮੇਰੀ’ ਦੀ ਰਿਲੀਜ਼ ’ਤੇ ਰੋਕ ਲਗਾ ਦਿੱਤੀ ਹੈ। ਇਹ ਫਿਲਮ 5 ਮਈ ਨੂੰ ਰਿਲੀਜ਼ ਹੋਣੀ ਸੀ। ਫਾਜ਼ਲ ਜੱਜ ਨੇ ਦੁਸਾਂਝ, ਅਦਾਕਾਰਾ ਨਿਮਰਤ ਖਹਿਰਾ, ਚਮਕੀਲਾ ਦੀ ਪਤਨੀ ਗੁਰਮੇਲ ਕੌਰ, ਰਿਦਮ ਬੁਆਏਜ਼ ਐਂਟਰਟੇਨਮੈਂਟ ਪ੍ਰਾਈਵੇਟ ਲਿਮਟਿਡ ਦੇ ਕਾਰਜ ਗਿੱਲ ਅਤੇ ਦਲਜੀਤ ਥਿੰਦ ਤੇ ਦਿਲਜੀਤ ਮੋਸ਼ਨ ਫਿਲਮਜ਼ ਨੂੰ ਸੰਮਨ ਜਾਰੀ ਕਰਨ ਲਈ ਕਿਹਾ।




# ਇਟਲੀ ਦੀ ਆਜ਼ਾਦੀ ‘ਚ 8500 ਸਿੱਖ ਫ਼ੌਜੀਆਂ ਨੇ ਦਿੱਤੀ ਸ਼ਹਾਦਤ:ਮੇਅਰ

ਬਰੇਸ਼ੀਆ (ਇਟਲੀ) (ਬਲਦੇਵ ਸਿੰਘ ਬੂਰੇ ਜੱਟਾਂ)- ਇਟਲੀ ਦੇ ਸ਼ਹਿਰ ਲੁਸਾਰਾ (ਰੇਜੋਈਮੀਲੀਆ) ਵਿਖੇ ਵਰਲਡ ਸਿੱਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ (ਰਜਿ), ਇਟਲੀ ਅਤੇ ਕਮੂਨੇ ਦੀ ਲੁਸਾਰਾ ਵਲੋਂ ਮਿਲ ਕੇ ਇਟਲੀ ਦਾ ਆਜ਼ਾਦੀ ਦਿਵਸ ਮਨਾਇਆ ਗਿਆ । ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਿਥੀਪਾਲ ਸਿੰਘ ਨੇ ਦੱਸਿਆ ਕਿ ਇਸ ਸਮਾਗਮ ਦੀ ਸ਼ੁਰੂਆਤ ਲੁਸਾਰੇ ਸ਼ਹਿਰ ਤੋਂ ਅਰਦਾਸ ਕਰ ਕੇ ਵੱਖ-ਵੱਖ ਪਿੰਡਾਂ ਨੂੰ ਰਵਾਨਾ ਹੋਏ ਮਾਰਚ ਨਾਲ ਹੋਈ, ਜੋ ਕਿ ਕੋਦੀ ਸੋਤੋ, ਕਾਸੋਨੀ ਬੀਲਾ ਰੋਤਾ ਹੁੰਦਾ ਹੋਇਆ ਵਾਪਸ ਲੁਸਾਰਾ ਪਹੁੰਚਿਆ, ਜਿੱਥੇ ਸ਼ਹਿਰ ਦੇ ਮੇਅਰ ਏ ਸਾਤੌਲੀ ਅਤੇ ਵਰਲਡ ਸਿਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ ਨੇ ਮਿਲ ਕੇ ਸ਼ਹੀਦਾਂ ਨੂੰ ਸ਼ਰਧਾਂਲੀ ਭੇਟ ਕੀਤੀ। ਇਸ ਮੌਕੇ ਸ਼ਹਿਰ ਦੀ ਮੇਅਰ ਨੇ ਆਪਣੇ ਭਾਸ਼ਣ ‘ਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿੱਖਾਂ ਦਾ ਇਟਲੀ ਨੂੰ ਆਜ਼ਾਦੀ ਦਿਵਾਉਣ ‘ਚ ਬਹੁਤ ਵੱਡਾ ਯੋਗਦਾਨ ਹੈ। ਪੂਰੀ ਇਟਲੀ ‘ਚ ਆਜ਼ਾਦੀ ਦਿਵਾਉਣ ਲਈ 8500 ਸਿੱਖ ਫ਼ੂਜੀਆਂ ਨੇ ਸ਼ਹੀਦੀਆਂ ਦਿੱਤੀਆਂ। ਸਾਨੂੰ ਇਨ੍ਹਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਸਮਾਗਮ ਦੂਰਾਨ ਆਈਆਂ ਵਿਸ਼ੇਸ਼ ਸ਼ਖਸੀਅਤਾਂ ਨੂੰ ਸਿੱਖ ਫ਼ੂਜੀਆਂ ਦੀ ਯਾਦਗਾਰ ਵਾਲੇ ਕੈਲੰਡਰ ਬਾਰੇ ਜਾਣਕਾਰੀ ਦਿੱਤੀ ਗਈ। ਇਸ ਸਮਾਗਮ ‘ਚ ਸ਼ਾਮਿਲ ਹੋਣ ਵਾਲੀਆਂ ਪ੍ਰਮੁੱਖ ਸ਼ਖ਼ਸੀਅਤਾਂ ‘ਚ ਵਰਲਡ ਸਿੱਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ ਦੇ ਮੈਂਬਰ ਪ੍ਰਿਥੀਪਾਲ ਸਿੰਘ, ਸਤਿਨਾਮ ਸਿੰਘ, ਜਗਦੀਪ ਸਿੰਘ, ਇਕਬਾਲ ਸਿੰਘ ਸੋਢੀ, ਗੁਰਮੇਲ ਸਿੰਘ ਭੱਟੀ, ਜਸਬੀਰ ਸਿੰਘ ਧਨੋਤਾ, ਕੁਲਜੀਤਿ ਸੰਘਾ, ਗੁਰਦੇਵ ਸਿੰਘ, ਚੈਨ ਸਿੰਘ ਅਤੇ ਇਟਲੀ ਦੇ ਆਜ਼ਾਦੀ ਘੁਲਾਟੀਆਂ ਨੇ ਵੀ ਹਿੱਸਾ ਲਿਆ।



## ਫ਼ੈਡਰੇਸ਼ਨ ਭਿੰਡਰਾਂਵਾਲਾ ਨੇ ਕੌਮੀ ਯੋਧੇ ਭਾਈ ਸੰਦੀਪ ਸਿੰਘ ਸੰਨੀ ਦੀ ਤਸਵੀਰ ਵਾਲੀਆਂ ਟੀ-ਸ਼ਰਟਾਂ ਅਕਾਲ ਤਖ਼ਤ ਸਾਹਿਬ ਵਿਖੇ ਵੰਡੀਆਂ

# ਸੰਦੀਪ ਸਿੰਘ ਸੰਨੀ ‘ਤੇ ਖ਼ਾਲਸਾ ਪੰਥ ਨੂੰ ਬੇਹੱਦ ਮਾਣ:ਰਣਜੀਤ ਸਿੰਘ ਦਮਦਮੀ ਟਕਸਾਲ

ਅੰਮ੍ਰਿਤਸਰ:ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਵੱਲੋਂ ਬੀਤੇ ਕੱਲ੍ਹ ਖ਼ਾਲਿਸਤਾਨ ਐਲਾਨਨਾਮਾ ਦਿਹਾੜੇ ‘ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੌਮੀ ਯੋਧੇ ਭਾਈ ਸੰਦੀਪ ਸਿੰਘ ਸੰਨੀ ਦੀ ਤਸਵੀਰ ਵਾਲੀਆਂ ਟੀ-ਸ਼ਰਟਾਂ ਜਾਰੀ ਕੀਤੀਆਂ ਗਈਆਂ। ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਸਾਬਕਾ ਪ੍ਰਧਾਨ ਭਾਈ ਬਲਵੰਤ ਸਿੰਘ ਗੋਪਾਲਾ ਵੱਲੋਂ ਪਹਿਲੀ ਟੀ-ਸ਼ਰਟ ਪਖੰਡੀ ਦਰਸ਼ਨ ਦਾਸ ਨੂੰ ਇੰਗਲੈਂਡ ਵਿੱਚ ਗੋਲ਼ੀਆਂ ਮਾਰ ਕੇ ਸੋਧਣ ਵਾਲੇ ਜੁਝਾਰੂ ਯੋਧੇ ਭਾਈ ਰਜਿੰਦਰ ਸਿੰਘ ਮੁਗਲਵਾਲਾ ਨੂੰ ਸੌਂਪੀ ਗਈ ਤੇ ਫਿਰ ਇਹ ਟੀ-ਸ਼ਰਟਾਂ ਦਲ ਖ਼ਾਲਸਾ ਦੇ ਨੌਜਵਾਨਾਂ, ਪੰਥਕ ਜਥੇਬੰਦੀ ਦੇ ਆਗੂਆਂ ਤੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਤਿਕਾਰ ਸਹਿਤ ਸੌਂਪੀਆਂ ਗਈਆਂ। ਇਸ ਮੌਕੇ ਫ਼ੈਡਰੇਸ਼ਨ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਭਾਈ ਬਲਵੰਤ ਸਿੰਘ ਗੋਪਾਲਾ ਨੇ ਕਿਹਾ ਕਿ 4 ਨਵੰਬਰ 2022 ਦਾ ਦਿਨ ਸਿੱਖ ਕੌਮ ਲਈ ਓਦੋਂ ਇਤਿਹਾਸਕ ਬਣ ਗਿਆ ਸੀ ਜਦੋਂ ਸਿੱਖ ਕੌਮ ਦੇ ਬੱਬਰ ਸ਼ੇਰ ਯੋਧੇ ਭਾਈ ਸੰਦੀਪ ਸਿੰਘ ਸੰਨੀ ਨੇ ਫ਼ਿਰਕੂ ਹਿੰਦੂਤਵੀ ਸੁਧੀਰ ਸੂਰੀ ਨੂੰ ਗੋਲ਼ੀਆਂ ਮਾਰ ਕੇ ਖਾਲਸਈ ਰਵਾਇਤਾਂ ਅਨੁਸਾਰ ਸੋਧ ਦਿੱਤਾ ਸੀ। ਉਹਨਾਂ ਕਿਹਾ ਕਿ ਇਸ ਸਮੇਂ ਭਾਈ ਸੰਦੀਪ ਸਿੰਘ ਸੰਨੀ ਅੰਮ੍ਰਿਤਸਰ-ਫ਼ਤਾਹਪੁਰ ਦੀ ਜੇਲ੍ਹ ‘ਚ ਨਜ਼ਰਬੰਦ ਹਨ ਤੇ ਪੂਰੀ ਚੜ੍ਹਦੀ ਕਲਾ ‘ਚ ਹਨ। ਭਾਈ ਸੰਦੀਪ ਸਿੰਘ ਨੇ ਯੋਧਿਆਂ ਵਾਲ਼ਾ ਕਾਰਨਾਮਾ ਕਰ ਵਿਖਾਇਆ ਹੈ, ਉਸ ਨੂੰ ਇਹ ਤਾਕਤ ਖੰਡੇ-ਬਾਟੇ ਦੇ ਅੰਮ੍ਰਿਤ ਤੋਂ ਪ੍ਰਾਪਤ ਹੋਈ ਸੀ ਤੇ ਗੁਰੂ ਪਾਤਸ਼ਾਹ ਨੇ ਉਸ ਨੂੰ ਇਹ ਸੇਵਾ, ਮਾਣ ਤੇ ਵਡਿਆਈ ਬਖ਼ਸ਼ੀ ਹੈ ਜਿਸ ਨਾਲ਼ ਸੰਦੀਪ ਸਿੰਘ ਦਾ ਨਾਂਅ ਸਿੱਖ ਇਤਿਹਾਸ ਦੇ ਸੁਨਹਿਰੀ ਪੱਤਰਿਆਂ ‘ਤੇ ਸਦੀਵੀ ਲਿਖਿਆ ਗਿਆ ਹੈ। ਭਾਈ ਸੰਦੀਪ ਸਿੰਘ ਸੰਨੀ ਨੇ ਖ਼ਾਲਸਈ ਐਕਸ਼ਨ ਕਰਕੇ ਟੀਸੀ ਦਾ ਬੇਰ ਲਾਹਿਆ ਹੈ। ਫ਼ੈਡਰੇਸ਼ਨ ਆਗੂਆਂ ਨੇ ਕਿਹਾ ਕਿ ਸੁਧੀਰ ਸੂਰੀ ਨੇ ਆਪਣੀ ਮੌਤ ਖੁਦ ਸਹੇੜੀ ਸੀ, ਜਦੋਂ ਸੂਰੀ ਸੋਸ਼ਲ ਮੀਡੀਆ ‘ਤੇ ਸਾਡੇ ਗੁਰੂ ਸਾਹਿਬਾਨਾਂ, ਮਹਾਨ ਸ਼ਹੀਦਾਂ, ਕੌਮੀ ਨਾਇਕਾਂ, ਗੁਰਧਾਮਾਂ, ਲੰਗਰਾਂ ਅਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਤੇ ਸਿੱਖ ਕੌਮ ਦੀਆਂ ਬੀਬੀਆਂ ਖਿਲਾਫ਼ ਬਕਵਾਸ ਕਰਦਾ ਸੀ ਤਾਂ ਜੇਕਰ ਸਰਕਾਰ ਨੇ ਓਦੋਂ ਹੀ ਨੱਥ ਪਾਈ ਹੁੰਦੀ ਤਾਂ ਉਸ ਦਾ ਇਹ ਹਸ਼ਰ ਨਾ ਹੁੰਦਾ। ਉਹਨਾਂ ਕਿਹਾ ਕਿ ਸਿੱਖ ਕੌਮ ਦੀਆਂ ਸਮੂਹਿਕ ਭਾਵਨਾਵਾਂ ਦੇ ਪ੍ਰਗਟਾਵੇ ‘ਚੋਂ ਹੀ ਸੂਰੀ ਦਾ ਕਤਲ ਹੋਇਆ ਸੀ। ਭਾਈ ਰਣਜੀਤ ਸਿੰਘ ਨੇ ਕਿਹਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੀ ਤਸਵੀਰ ਵਾਲੇ ਕੈਲੰਡਰ, ਸਟਿੱਕਰ ਤੇ ਰਸਾਲੇ ਵੀ ਸੰਗਤਾਂ ‘ਚ ਜਲਦ ਵੰਡੇ ਜਾਣਗੇ। ਇਸ ਮੌਕੇ ਜਨਰਲ ਸਕੱਤਰ ਭਾਈ ਗਗਨਦੀਪ ਸਿੰਘ ਸੁਲਤਾਨਵਿੰਡ, ਜਥੇਬੰਧਕ ਸਕੱਤਰ ਮਨਪ੍ਰੀਤ ਸਿੰਘ ਮੰਨਾ, ਦਿਹਾਤੀ ਪ੍ਰਧਾਨ ਸੁਖਵਿੰਦਰ ਸਿੰਘ ਨਿਜ਼ਾਮਪੁਰ ਅਤੇ ਬੀਬੀ ਕੁਲਵਿੰਦਰ ਕੌਰ ਖ਼ਾਲਸਾ ਆਦਿ ਹਾਜ਼ਰ ਸਨ।





BADH

26 YEARS EXPERIENCE IN ACCOUNTING

Accounting Services

* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms

604-325-8370

Fax: 604-325-6654

# 1393 - 20800 - WESTMINSTER HWY, RICHMOND, BC



Jasbir Singh Badh

Charlesworth insurance services ltd.

Servicing the following insurance needs:

• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer

autoplan

"For Fast, Friendly and Reliable Service!"



Phone: 604-852-2565

Fax: 852-2996

OPEN 7 DAYS A WEEK

MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM

1A-32465 South Fraser Way, Abbotsford, BC V2T 1X4

KOHALY PRINTING

Tel:604.594.2324 Fax:604.594.2361

Unit 210-12837-76th Ave, Surrey, B.C V3W2V3

www.kohalyprinting.com Email: info@kohalyprinting.com




Best Rates

ਵਿਆਹ ਦੇ ਕਾਰਡ

Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures All kinds of Signs and Decals

ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਅਵਤਾਰ ਅਤੇ ਰਵਿੰਦਰ ਦੇ ਸੋਹਲਿਆਂ ਦਾ ਜਵਾਬ
# ਬਾਦਲ ਸਾਡੇ ਸ਼ਰੀਕ ਦਾ ਮੁਖਬਰ ਹੋਣ ਤੋਂ ਇਲਾਵਾ ਕੁਝ ਨਹੀਂ ਸੀ

ਤੁਹਾਡੇ ਵਰਗੇ ਲਿਖਾਰੀਆਂ ਦੀ ਸੋਚ ਤੇ ਤਰਸ ਆਉਦੈ ਜੋ ਹਮੇਸ਼ਾਂ ਚੜੇ ਸੂਰਜ ਨੂੰ ਸਲਾਮਾਂ ਕਰਦੇ ਨੇ। ਬਾਦਲ ਨੇ ਸਾਰੀ ਉਮਰ ਭੋਲੀ ਜਨਤਾ ਨੂੰ ਮੂਰਖ ਬਣਾਇਆ ਹੈ ਇਹੋ ਜਿਹੇ ਪੱਖ ਲਿਖਾਰੀਆਂ ਉਜਾਗਰ ਕਰਨੇ ਹੁੰਦੇ ਨੇ। ਪਰ ਤੁਸੀ....। ਸਮਝ ਨੀ ਆਉਦੀ ਤੁਸੀ ਲੋਕ ਕਿਵੇ ਭੁਲ ਜਾਂਦੇ ਹੋ ਕਿ ਬਾਦਲ ਉਹੋ ਬੰਦਾ ਸੀ ਜਿਸ ਨੇ ਕਿਸੇ ਵੇਲੇ ਭਾਰਤੀ ਸੰਵਿਧਾਨ ਦੀ ਧਾਰਾ 25 ਦਿੱਲੀ ਜਾ ਕੇ ਸਾੜੀ, 1992 (?) ਵਿਚ ਯੂ ਐਨ ਓ ਦੇ ਸਕੱਤਰ ਜਨਰਲ ਬੁਤਰਸ ਬੁਤਰਸ ਘਾਲੀ ਨੂੰ ਖਾਲਿਸਤਾਨ ਦੇ ਹੱਕ ਵਿਚ ਮੈਮੋ ਦਿੱਤਾ। ਇਹਦਾ ਮਤਲਬ ਇਹ ਨਹੀ ਕਿ ਉਹ ਅੰਦਰੋਂ ਪੰਜਾਬੀਅਤ ਦੀ ਖੁਦਮੁਖਤਿਆਰੀ ਚਾਹੁੰਦਾ ਸੀ। ਉਹ ਤਾਂ ਅਗਲਿਆਂ ਦਾ ਸੇਫਟੀ ਵਾਲ (ਮੁਖਬਰ) ਸੀ। ਜੋ ਵੀ ਸਿੱਖਾਂ ਦੀ ਪਾਲਿਸੀ ਸਟੇਟਮੈਂਟ ਚਾਹੀਦੀ ਸੀ ਉਹ ਅਗਲੇ ਬਾਦਲ ਦੇ ਮੂੰਹੋ ਕਢਵਾਉਦੇ ਸਨ। ਤੁਸੀ ਭੁੱਲ ਚੁੱਕੇ ਹੋ ਕਿ ਬਾਦਲ ਨੇ 1984 'ਚ ਸਿੱਖ ਫੌਜੀਆਂ ਨੂੰ ਬਗਾਵਤ ਕਰਨ ਦੀ ਅਪੀਲ ਕੀਤੀ ਸੀ। ਸ਼ਾਇਦ ਤੁਸੀ ਇਹ ਵੇਖ ਕੇ ਕਬੂਤਰ ਵਾਂਗੂ ਅੱਖਾਂ ਮੀਟ ਲੈਂਦੇ ਹੋ ਕਿ ਸੰਨ 2000 ਵਿਚ ਜਦੋਂ ਜੰਮੂ ਕਸ਼ਮੀਰ ਅਸੈਂਬਲੀ ਨੇ ਆਟੋਨੋਮੀ ਬਿੱਲ ਪਾਸ ਕੀਤਾ ਤਾਂ ਬਾਦਲ ਤੇ ਟੌਹੜੇ ਨੇ ਅਗਲੇ ਹੀ ਦਿਨ ਬਿਆਨ ਦੇ ਦਿਤਾ ਕਿ ਪੰਜਾਬ ਨੂੰ ਵੀ ਆਟੋਨੋਮੀ ਚਾਹੀਦੀ ਹੈ। ਜਿਸ ਤੇ ਭਾਰਤੀ ਲੀਡਰਾਂ ਨਾਲ ਹੀ ਬਿਆਨ ਦੇ ਦਿੱਤਾ ਕਿ ਇਸ ਤਰਾਂ ਤਾਂ ਸਾਰੇ ਸੂਬੇ ਆਟੋਨੋਮੀ ਮੰਗਣਗੇ। ਤੁਸੀ ਭੁਲ ਰਹੇ ਹੋ ਕਿ ਬਾਦਲ (ਉਤੋਂ ਉਤੋਂ) ਆਖਰੀ ਸਮੇਂ ਤਕ ਸੰਘੀ ਢਾਂਚੇ ਦੀ ਵਕਾਲਤ ਕਰਦਾ ਰਿਹਾ ਪਰ ਏਸੇ ਦੀ ਪਾਰਟੀ ਨੇ ਜਦੋਂ ਕਸ਼ਮੀਰ ਵਿਚ ਧਾਰਾ 370 ਹਟਾਈ ਤਾਂ ਬੀ ਜੇ ਪੀ ਦੇ ਲਿਆਂਦੇ ਬਿੱਲ ਦੇ ਹੱਕ ਵਿਚ ਵੋਟ ਪਾਈ। ਸਿਰਸੇ ਵਾਲੇ ਬਦਮਾਸ਼ ਸਾਧ ਦੇ ਚੇਲਿਆਂ ਬੇਅਦਬੀ ਕੀਤੀ। ਇਹ ਹੁਣ ਸਾਬਤ ਹੋ ਚੁੱਕਾ ਹੈ ਕਿ ਇਸ ਨੇ ਪੁਲਿਸ ਨੂੰ ਕਾਰਵਾਈ ਕਰਨ ਤੋਂ ਰੋਕਿਆ। ਬੇਅਦਬੀ ਕਰਨ ਵਾਲੇ ਪਿਆਰੇ ਭਨਿਆਰੀ ਦੀ 1999 ਵਿਚ ਨੰਗੀ ਕਨੂੰਨੀ ਮਦਦ ਕੀਤੀ। ਸਿਰਸੇ ਵਾਲੇ ਨੇ ਕੋਈ ਮੁਆਫੀ ਨਹੀ ਸੀ ਮੰਗੀ ਸਿੱਖ ਸੰਗਤ ਕੋਲੋਂ। ਉਹਦੀ ਝੂਠੀ ਮੁਆਫੀ ਚਿੱਠੀ ਆਪੇ ਬਣਵਾਈ ਤੇ ਉਸ ਮਾਫੀ ਦੇ ਹੱਕ ਵਿਚ ਸ਼੍ਰੋਮਣੀ ਕਮੇਟੀ ਦਾ 90 ਲੱਖ ਰੁਪਿਆ ਇਸ਼ਤਿਹਾਰਾਂ ਤੇ ਹੀ ਲੁਆ ਦਿਤਾ। ਕਿਸਾਨ ਅੰਦੋਲਨ ਮੌਕੇ ਪਹਿਲਾਂ ਸਰਕਾਰ ਦਾ ਪੱਖ ਲਿਆ ਜਦੋਂ ਵੇਖਿਆ ਕਿ ਸਾਰੀ ਲੋਕਾਈ ਕਿਸਾਨਾਂ ਦੇ ਹੱਕ ਵਿਚ ਹੈ ਤਾਂ ਝੱਟ ਆਪਣਾ ਪੱਖ ਬਦਲ ਲਿਆ। ਪਰ ਨਾਲ ਹੀ ਭਾਜਪਾ ਨਾਲ ਗੂੜੇ ਸਬੰਧ ਜਾਰੀ ਰੱਖੇ। ਇਸ ਤੋਂ ਵੱਡਾ ਦੋਗਲਾ ਬੰਦਾ ਤੁਸੀ ਕਿਸ ਨੂੰ ਕਹੋਗੇ? ਇਕ ਲਿਖਾਰੀ ਹੋਣ ਦੇ ਨਾਤੇ ਤੁਸੀ ਅੱਖਾਂ ਫੇਰੀ ਬੈਠੇ ਹੋ ਕਿ ਏਸੇ ਬਾਦਲ ਦੀ ਰਹਿਨੁਮਾਈ ਹੇਠ ਸ਼੍ਰੋਮਣੀ ਕਮੇਟੀ ਧੜਾ ਧੜ ਪੰਜਾਬ ਦੀ ਇਤਹਾਸਿਕ ਇਮਾਰਤ ਵਿਰਾਸਤ ਢਾਹ ਰਹੀ ਹੈ। ਤੁਹਾਡੇ ਕੋਲ ਕੀ ਜਵਾਬ ਹੈ ਜਦੋਂ ਮੈਂ ਕਹਾਂ ਕਿ 400 ਸਾਲ ਪੁਰਾਣਾ ਲੋਹਗੜ੍ਹ ਕਿਲਾ (ਅੰਮਿਤਸਰ) ਏਸੇ ਦੋਗਲੇ ਬੰਦੇ ਦੀ ਪਾਲਿਸੀ ਅਨੁਸਾਰ ਢਾਹਿਆ ਗਿਆ। ਕੋਈ ਵੀ ਲਿਖਾਰੀ ਚੰਗੇ ਸਮਾਜ ਦੀ ਸਿਰਜਣਾ ਅਤੇ ਸੱਚੀ ਕਦਰਾਂ ਕੀਮਤਾਂ ਨੂੰ ਸੇਧਿਤ ਹੁੰਦਾ ਹੈ। ਹੁਣ ਸਵਾਲ ਉਠਦਾ ਹੈ ਕਿ ਕੀ ਬਾਦਲ ਈਮਾਨਦਾਰ ਲੀਡਰ ਸੀ? ਕੀ ਇਸ ਦੇ ਰਾਜ ਵਿਚ ਪੰਜਾਬ ਰੋਡਵੇਜ ਘਾਟੇ 'ਚ ਨਹੀ ਗਈ ਅਤੇ ਬਾਦਲਾਂ ਦੀਆਂ ਬੱਸਾਂ ਦੂਣ ਸਵਾਈਆਂ ਨਹੀ ਹੋਈਆਂ? ਕੀ ਇਸ ਨੇ ਪੈਸੇ ਲੈ ਲੈ ਨੌਕਰੀਆਂ ਅਤੇ ਬਦਲੀਆਂ ਨਹੀ ਕੀਤੀਆਂ? ਕੀ ਇਸ ਨੇ ਨਸ਼ਾ ਤਸਕਰੀ ਦੀ ਪੁਸ਼ਤ ਪਨਾਹੀ ਨਹੀ ਕੀਤੀ ਜਦੋਂ ਇਸ ਕੋਲ ਰਿਪੋਰਟਾਂ ਆ ਰਹੀਆਂ ਸਨ ਕਿ ਮਜੀਠੀਆ ਸਮਗਲਿੰਗ ਕਰ ਰਿਹਾ ਹੈ ਤਾਂ ਇਸ ਕੀ ਕਾਰਵਾਈ ਕੀਤੀ? ਕੀ ਇਕ ਲਿਖਾਰੀ ਹੋਣ ਦੇ ਨਾਤੇ ਤੁਹਾਡਾ ਫਰਜ ਨਹੀ ਬਣਦਾ ਕਿ ਈਮਾਨਦਾਰ ਸ਼ਾਸਨ ਨੂੰ ਉਤਸ਼ਾਹ ਦਿਤਾ ਜਾਏ ਤੇ ਬੇਈਮਾਨ ਨੂੰ ਨਕਾਰਿਆ ਜਾਏ? ਆਰ ਐਸ ਐਸ ਨੇ ਬਾਦਲ ਦੇ ਚਲਾਣੇ ਤੇ ਸੋਗ ਪੱਤ੍ਰ ਜਾਰੀ ਕੀਤਾ ਹੈ; ਜੇ ਤੁਸੀ ਅਜੇ ਵੀ ਨਹੀ ਸਮਝ ਰਹੇ ਤਾਂ ਮੈਂ ਕੀ ਕਹਾਂ? ਬਾਦਲ ਸਿਰਫ ਪੰਜਾਬੀਅਤ ਦੇ ਸ਼ਰੀਕ ਦਾ ਮੁਖਬਰ ਸੀ, ਇਸ ਤੋਂ ਇਲਾਵਾ ਕੁਝ ਵੀ ਨਹੀ। (ਤਿੱਖੀ ਸ਼ਬਦਾਵਲੀ ਲਈ ਅਫਸੋਸ ਹੈ)।

### ਲੋਕ ਬਾਦਲ ਨੂੰ ਕਿਓ ਏਨਾ ਯਾਦ ਕਰ ਰਹੇ ਨੇ? ਸਿਰਫ ਮਤਲਬ

ਕਿਉਕਿ ਪ੍ਰਕਾਸ਼ ਸਿੰਘ ਬਾਦਲ ਨੇ ਏਨਾ ਟਾਈਮ ਸਰਕਾਰੀ ਜਾਂ ਸਾਂਝੇ ਕੰਮਾਂ ਤੇ ਨਹੀ ਸੀ ਲਾਇਆ ਜਿੰਨਾ ਉਸ ਨੇ ਨਿੱਜੀ ਸਬੰਧਾਂ ਨੂੰ ਪੱਕੇ ਕਰਨ ਤੇ ਲਾਇਆ। ਬਾਦਲ ਹਰ ਛੋਟੇ ਵੱਡੇ ਵਰਕਰ ਦੇ ਨਿੱਜੀ ਸਾਰਥ ਤੇ ਹਰ ਹਾਲਤ ਵਿਚ ਪਹੁੰਚਦਾ ਸੀ। ਬਾਦਲ ਬਾਰੇ ਮਸ਼ਹੂਰ ਸੀ ਕਿ ਵਿਆਹ ਵਾਲੇ ਘਰ ਪਹੁੰਚਣ ਤੋਂ ਪਹਿਲਾਂ ਇਕ ਦੋ ਵਰਕਰ ਜਾਂ ਲੀਡਰ ਆਪਣੀ ਗੱਡੀ ਵਿਚ ਨਾਲ ਬੈਠਾ ਲੈਂਦਾ ਤੇ ਅਕਸਰ ਬਾਦਲ ਦਾ ਬਟੂਆ ਘਰ ਰਹਿ ਜਾਂਦਾ ਸੀ ਤੇ ਨਾਲ ਦੇ ਵਰਕਰ ਨੂੰ ਕਹਿ ਦਿੱਤਾ ਜਾਂਦਾ "ਯਾਰ ਵੇਖੀ 500 ਦਾ ਨੋਟ ਹੋਵੇ ਤਾਂ?" ਇਸ ਪਰਕਾਰ ਬਾਦਲ ਇਕ ਤੀਰ ਨਾਲ ਕਈ ਕਈ ਨਿਸ਼ਾਨੇ ਫੁੰਡਦਾ। ਗੱਡੀ ਵਿਚ ਨਾਲ ਬੈਠਾਇਆ ਬੰਦਾ ਵੀ ਉਹਦਾ ਹੋ ਗਿਆ ਤੇ ਜਿਹਦੇ ਘਰ ਗਿਆ ਸੀ ਉਹ ਵੀ। ਓਥੇ ਮੌਜੂਦ ਲੋਕਾਂ ਨੂੰ ਵੀ ਜੱਫੀਆਂ ਪਾਈਆ। ਕਹਿੰਦੇ ਨੇ ਕਿ ਸਵੇਰੇ ਸਵੱਖਤੇ ਹੀ ਘਰੋ ਨਿਕਲ ਤੁਰਦਾ ਸੀ ਬਾਦਲ। ਸੰਗਤ ਦਰਸ਼ਨ ਦਾ ਮਕਸਦ ਵੀ ਸਬੰਧ ਪੀਢੇ ਕਰਨਾਂ ਹੀ ਹੁੰਦਾ ਸੀ ਨਹੀ ਤਾਂ ਇਸ ਇਕੱਠ ਵਿਚ ਜੋ ਸਰਕਾਰੀ ਕੰਮ ਨਿਪਟਾਇਆ ਜਾਂਦਾ ਸੀ ਉਹ ਤਾਂ ਇਕ ਤਹਿਸੀਲਦਾਰ ਵੀ ਕਰ ਦੇਵੇ। ਮੁੱਖ ਮੰਤਰੀ ਕੋਲੋਂ ਲੋਕ ਕਨੂੰਨ ਬਣਵਾਉਣ ਦੀ ਉਮੀਦ ਕਰਦੇ ਹਨ, ਨਾ ਕਿ ਨਿੱਜੀ ਮਸਲੇ ਹਲ ਕਰਵਾਉਣ ਦੀ।

ਫਿਰ ਬਾਦਲ ਨੇ ਆਪਣੇ ਵਰਕਰਾਂ ਦੇ ਰਿਸਤੇਦਾਰਾਂ ਨੂੰ ਨੌਕਰੀਆਂ ਵੀ ਖੂਬ ਦਿਵਾਈਆਂ। 1997 'ਚ ਜਦੋਂ ਇਸ ਦੀ ਸਰਕਾਰ ਆਈ ਤਾਂ ਇਸ ਬਾਰੇ ਮਸ਼ਹੂਰ ਹੋ ਗਿਆ ਸੀ ਕਿ ਘਰ ਵਿਚ ਨੋਟ ਗਿਣਨ ਵਾਲੀ ਮਸ਼ੀਨ ਲਾ ਲਈ ਸੀ। ਓਦੋਂ ਇਹ ਗਲ ਵੀ ਸਾਹਮਣੇ ਆਈ ਸੀ ਕਿ ਨੋਟ ਸਾਂਭਣ ਲਈ ਥਾਂ ਘੱਟ ਪੈ ਗਈ ਸੀ। ਬਾਦ ਦੇ ਸਮਿਆਂ ਵਿਚ ਇਕ ਹੋਰ ਖਬਰ ਵੀ ਉਡੀ ਸੀ ਕਿ ਬਾਦਲਾਂ ਦਾ ਨੋਟਾਂ ਨਾਲ ਭਰਿਆ ਟਰੱਕ ਮਹਾਂਰਾਸ਼ਟਰ ਵਿਚ ਫੜਿਆ ਗਿਆ ਸੀ। ਜਿਸ ਨੂੰ ਬਾਦ ਵਿਚ ਗ੍ਰਿਹ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਨੇ ਸਾਂਭ ਲਿਆ ਸੀ। ਕਹਿਣ ਤੋਂ ਮਤਲਬ ਬਾਦਲ ਨੇ ਸਾਰੀ ਉਮਰ ਲੋਕਾਂ ਨੂੰ ਨਾਲ ਜੋੜਿਆ। ਬੰਦਾ ਅਕਸਰ ਮਤਲਬੀ ਹੁੰਦਾ ਹੈ ਉਹ ਆਪਣੇ ਨਿੱਜੀ ਸਵਾਰਥ ਨੂੰ ਕੌਮ ਦੇ ਸਵਾਰਥ ਤੋਂ ਪਹਿਲਾਂ ਰੱਖ ਲੈਂਦਾ ਹੈ। ਚੇਤੰਨ ਬਾਦਲ ਨੇ ਆਧਰਾ ਪ੍ਰਦੇਸ ਦੇ ਇਕ ਲੀਡਰ ਤੋਂ ਆਈਡੀਆ ਚੁਰਾਇਆ ਅਤੇ ਪੰਜਾਬ ਵਿਚ ਵੋਟ ਬਦਲੇ ਬੋਤਲ ਦਾ ਸਿਧਾਂਤ ਪਾਰਟੀ ਪੱਧਰ ਤੇ ਸ਼ੁਰੂ ਕੀਤਾ। ਐਨ ਵਕਤ ਤੇ ਪੰਜਾਬ ਦੇ ਸਾਰੇ ਹਲਕਿਆਂ ਵਿਚ ਦਾਰੂ ਦੇ ਟਰੱਕ ਪਹੁੰਚ ਜਾਇਆ ਕਰਦੇ ਸਨ। ਕੁਝ ਇਸ ਤਰਾਂ ਦਾ ਸੁਚੱਜਾ ਪ੍ਰਬੰਧ ਰਿਹਾ ਬਾਦਲ ਦਾ।



ਯਾਦ ਹੈ ਪਿੱਛੇ ਜਿਹੇ ਬਿਕਰਮ ਮਜੀਠੀਏ ਦਾ ਜਦੋਂ ਮਸਲਾ ਉਠਿਆ ਤਾਂ ਬਾਦਲਾਂ ਨੇ ਦੁਹਾਈ ਦਿੱਤੀ ਸੀ ਕਿ ਮਜੀਠੀਏ ਨੂੰ ਰੰਜਿਸ਼ ਤਹਿਤ ਫਸਾਇਆ ਜਾ ਰਿਹਾ ਹੈ ਤੇ ਕਿਹਾ ਸੀ "ਸਾਨੂੰ ਅਦਾਲਤਾਂ ☞


GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750



CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

ਤੇ ਪੂਰਾ ਭਰੋਸਾ ਹੈ ਓਥੋਂ ਇਨਸਾਫ ਜਰੂਰ ਮਿਲੇਗਾ।" ਮਜੀਠੀਏ ਦਾ ਕੇਸ ਸੁਪਰੀਮ ਕੋਰਟ ਤਕ ਗਿਆ ਪਰ ਓਥੇ ਵੀ ਸਾਬਤ ਹੋ ਗਿਆ ਕਿ ਮਜੀਠੀਏ ਖਿਲਾਫ ਅਜਿਹੇ ਸਬੂਤ ਨੇ ਜਿੰਨਾਂ ਨੂੰ ਝੁਠਲਾਇਆ ਨਹੀ ਜਾ ਸਕਦਾ। ਇਸ ਸਭ ਦੇ ਬਾਵਜੂਦ ਮਜੀਠੇ ਹਲਕੇ ਦੇ ਲੋਕਾਂ ਨੇ ਮਜੀਠੀਏ ਦੇ ਘਰਦੀ ਨੂੰ ਰਿਕਾਰਡ ਵੋਟਾਂ ਨਾਲ ਜਿਤਾਇਆ ਸੀ। ਕਿਉਕਿ ਬਿਕਰਮ ਨੇ ਆਪਣੇ ਹਲਕੇ ਵਿਚ ਬਾਦਲ ਪਾਲਿਸੀ ਤਹਿਤ ਕੰਮ ਕੀਤਾ ਹੋਇਆ ਹੈ ਭਾਵ ਵਰਕਰਾਂ ਨੂੰ ਪੱਕਾ ਕੀਤਾ ਹੋਇਆ ਹੈ। ਸਾਡਾ ਕਹਿਣ ਦਾ ਮਤਲਬ ਕਿ ਲੋਕ ਅਸੂਲ ਨਹੀ ਵੇਖਦੇ ਆਪਣਾ ਸਵਾਰਥ ਵੇਖਦੇ ਹਨ।

ਸੰਨ 2000 ਵਿਚ ਅਸਾਂ ਉਸ ਵੇਲੇ ਦੀ ਵਜੀਰ ਸੁਖਦੇਵ ਸਿੰਘ ਢੀਡਸੇ ਦੀ ਇੰਟਰਵਿਊ ਕੀਤੀ ਅਤੇ ਇਸ ਨੂੰ ਪੰਜਾਬ ਮੋਨੀਟਰ ਦੇ ਮੁੱਖ ਪੰਨੇ ਤੇ ਜਗ੍ਹਾਂ ਦਿੱਤੀ ਸੀ ਅਤੇ ਟਾਈਟਲ ਇਹੋ ਸੀ, "ਨਿੱਜੀ ਕੰਮ ਜਿੰਨੀ ਮਰਜੀ ਕਢਵਾ ਲਓ। ਪੰਜਾਬ ਤੇ ਪੰਥ ਦੀ ਗਲ ਨਾਂ ਕਰੋ।"

ਜਦੋਂ 1995 ਦੀ ਮੋਗਾ ਕਾਨਫ੍ਰੰਸ ਉਪਰੰਤ ਪਾਰਟੀ ਨੂੰ ਅਕਾਲੀ ਜਾਂ ਪੰਥਕ ਦੇ ਥਾਂ ਤੇ ਪੰਜਾਬੀ ਪਾਰਟੀ ਐਲਾਨਿਆ ਉਸ ਉਪਰੰਤ ਬਾਦਲ ਨੇ ਵਰਕਰਾਂ ਨੂੰ ਹਰ ਤਰਾਂ ਨਾਲ ਉਤਸ਼ਾਹ ਦਿੱਤਾ। ਜਦੋਂ ਵੀ ਖੁਦ ਦੀ ਸਰਕਾਰ ਹੁੰਦੀ ਵਰਕਰਾਂ ਨੂੰ ਠਾਣੇ ਠਪਾਣੇ ਅਤੇ ਦਫਤਰਾਂ ਵਿਚ ਦਖਲਅੰਦਾਜ਼ੀ ਕਰਨ ਦੀ ਪੂਰੀ ਖੁਲ ਦੇ ਦਿੱਤੀ। ਇਹ ਬਾਦਲ ਸਾਬ ਨੂੰ ਕਰੈਡਿਟ ਜਾਂਦਾ ਹੈ ਜਿਹੜਾ ਉਸ ਨੇ ਲੀਡਰਾਂ ਦੇ ਖਾਤਿਆਂ ਵਿਚ ਠਾਣੇ ਪਾਏ। ਚੁਣੇ ਹੋਏ ਐਮ ਐਲ ਏ ਨੂੰ ਹੀ ਸਬੰਧਿਤ ਠਾਣੇ ਨਹੀ ਸਨ ਅਲਾਟ ਕੀਤੇ ਸਗੋਂ ਹਾਰੇ ਹੋਏ ਪਾਰਟੀ ਲੀਡਰਾਂ ਨੂੰ ਵੀ ਹਲਕੇ ਦੇ ਠਾਣੇ ਅਲਾਟ ਕਰ ਦਿੱਤੇ।

ਐਨ ਏਸੇ ਅੰਦਾਜ਼ ਵਿਚ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਇਤਹਾਸਿਕ ਗੁਰਦੁਆਰੇ ਅਲਾਟ ਕੀਤੇ ਹੋਏ ਹਨ। ਜਿੱਥੇ ਉਹਨਾਂ ਦੀ ਪੂਰੀ ਮਨ ਮਰਜੀ ਚਲਦੀ ਹੈ। ਸ਼ਾਇਦ ਤੁਹਾਨੂੰ ਪਤਾ ਨਾਂ ਹੋਵੇ ਗੁਰਦੁਆਰਿਆ ਵਿਚ ਇਕ ਇਕ ਪੋਸਟ ਤੇ ਤਿੰਨ ਤਿੰਨ ਬੰਦੇ ਵੀ ਭਰਤੀ ਕੀਤੇ ਜਾ ਸਕਦੇ ਨੇ। ਕਿਉਕਿ ਵਰਕਰਾਂ ਨੂੰ ਸੰਤੁਸ਼ਟ ਜੁ ਰੱਖਣਾ ਹੋਇਆ।

ਪੰਜਾਬੀ ਦੁਨੀਆ ਦੀ ਬਹਾਦਰ ਅਤੇ ਮਿਹਨਤਕਸ਼ ਕੌਮ ਗਿਣੀ ਗਈ ਹੈ ਉਹਨਾਂ ਨੂੰ ਆਟਾ ਦਾਲ ਮੁਫਤ ਵਿਚ ਦੇਣ ਮਤਲਬ ਕਿ ਇਹਨਾਂ ਨੂੰ ਵੀ ਹੱਢ ਹਰਾਮੀ ਬਣਾਇਆ ਜਾ ਸਕੇ।ਬਾਦਲਾਂ ਦਾ ਮੰਨਣਾ ਹੈ ਕਿ ਭ੍ਰਿਸ਼ਟ ਜਾਂ ਦਾਗੀ ਬੰਦਾ ਜਿਆਦਾ ਵਫਾਦਾਰ ਹੁੰਦਾ ਹੈ। ਏਸੇ ਅਸੂਲ ਦੇ ਤਹਿਤ ਹੀ ਉਹਨਾਂ ਸ਼੍ਰੋਮਣੀ ਕਮੇਟੀ ਅਤੇ ਲਗਦੇ ਵਾਹੇ ਸਰਕਾਰ ਵਿਚ ਗਲਤ ਲੋਕਾਂ ਨੂੰ ਉਤਸ਼ਾਹ ਦਿੱਤਾ; ਉਦਾਹਰਣ ਇਜ਼ਹਾਰ ਆਲਮ ਅਤੇ ਸੁਮੇਧ ਸੈਣੀ ਦੀ ਦਿੱਤੀ ਜਾ ਸਕਦੀ ਹੈ।ਬਾਦਲ ਨੇ ਆਪਣੇ ਰਾਜ ਵਿਚ ਸਮਾਜਕ ਕਦਰਾਂ ਕੀਮਤਾਂ ਨੂੰ ਜੁੱਤੀ ਦੀ ਨੋਕ ਤੇ ਰੱਖਿਆ ਸੀ। ਵਰਕਰਾਂ ਨੂੰ ਸੰਬੋਧਨ ਹੁੰਦਿਆ ਇਕ ਵੇਰਾਂ ਤਾਂ ਐਨ ਟੀ ਵੀ ਸਾਹਮਣੇ ਉਹਦੇ ਮੂੰਹੋ ਨਿਕਲ ਗਿਆ ਕਿ ਜਾਓ ਬੈਂਕ ਸ਼ੈਂਕ ਲੁੱਟ ਲਓ। ਬੁਰਾਈ ਦਾ ਨਾਂ ਹੀ ਬਾਦਲ ਹੋਣਾ ਚਾਹੀਦੈ।ਕੋਈ ਸ਼ਰੀਕ ਕੌਮ ਦੂਸਰੇ ਦੇ ਬੇਈਮਾਨ ਲੀਡਰ ਦੀ ਭਾਲ ਕਰਦੀ ਹੈ ਜੋ ਆਪਣੀ ਕੌਮ ਨਾਲ ਗੱਦਾਰੀ ਕਰ ਸਕੇ। ਤਾਂ ਹੀ ਤਾਂ ਆਰ ਐਸ ਐਸ ਨੇ ਕਲ ਬਾਦਲ ਦੇ ਹੱਕ ਵਿਚ ਜਨਤਕ ਸੋਗ ਪੱਤ੍ਰ ਜਾਰੀ ਕੀਤਾ ਹੈ। ਨਹੀ ਤਾਂ ਕਿਹੜਾ ਲੀਡਰ ਹੈ ਜੋ ਆਪਣੀ ਹੀ ਇਤਹਾਸਿਕ ਵਿਰਾਸਤ ਨੂੰ ਬਿਨਾਂ ਮਤਲਬ ਢਾਹੇ।ਨੇਕ ਲੀਡਰ ਕੁਲ ਜਨਤਾ ਦੇ ਹੱਕ ਵਿਚ ਫੈਸਲੇ ਲੈਂਦਾ ਹੈ ਬੇਈਮਾਨ ਆਪਣਾ ਜਾਲ ਵਿਛਾਉਦਾ ਹੈ।

॥ ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ ॥

ਭੋਲੀ ਅਤੇ ਜ਼ਜ਼ਬਾਤੀ ਸਿੱਖ ਕੌਮ ਆਪਣੇ ਅੰਦਰਲੇ ਦੁਸ਼ਮਣ ਨੂੰ ਪਛਾਨਣ ਵਿਚ ਸਾਲਾਂ ਲਾ ਦਿੰਦੀ ਹੈ। ਕੌਮ ਦੇ ਇਸ ਵਿਹਾਰ ਦੀ ਹੀ ਉਪਜ ਸੀ ਪ੍ਰਕਾਸ਼ ਸਿੰਘ ਬਾਦਲ ਜੋ 25 ਅਪ੍ਰੈਲ 2023 ਨੂੰ ਚਲ ਵਸਿਆ। ਇਹ ਉਹ ਗੁਪਤ ਦੁਸ਼ਮਣ ਸੀ ਜਿਸ ਨੇ ਕੇਂਦਰ ਨੂੰ ਸੁਨੇਹਾ ਦਿੱਤਾ ਕਿ ਅਕਾਲ ਤਖਤ ਢਾਹੁੰਣ ਖਾਤਰ ਤੁਹਾਨੂੰ ਫੌਜਾਂ ਚੜਾਉਣ ਦੀ ਜਰੂਰਤ ਨਹੀ "ਜਦੋਂ ਅਸੀ ਹੈਂਗੇ ਆਂ"। ਏਹੋ ਕਾਰਨ ਹੈ ਸਾਰੀ ਸਿੱਖ ਕੌਮ ਨੂੰ ਇੰਦਰਾ ਗਾਂਧੀ ਦਾ 1984 ਤਾਂ ਭਲੀ ਭਾਂਤ ਯਾਦ ਹੈ ਪਰ 1999 ਕਿਸੇ ਨੂੰ ਕੰਨੋ ਕੰਨ ਯਾਦ ਨਹੀ ਜਦੋਂ ਅੰਮ੍ਰਿਤਸਰ ਦੇ ਲੋਹਗੜ੍ਹ ਕਿਲ੍ਹੇ ਦਾ ਨਾਮੋ ਨਿਸ਼ਾਨ ਮਿਟਾਇਆ ਗਿਆ ਸੀ। ਸ਼ਹੀਦਾਂ ਦੀ ਜਥੇਬੰਦੀ ਅਕਾਲੀ ਦਲ ਵਿਚ ਭ੍ਰਿਸ਼ਟਾਚਾਰ, ਨਾਸਤਕਵਾਦ ਅਤੇ ਮੁਖਬਰੀ ਵਾੜ ਕੇ ਪੰਜਾਬ ਪੰਜਾਬੀਅਤ ਲਈ ਜਿੰਦ ਜਾਨ ਵਾਰਨ ਵਾਲੀ ਪਾਰਟੀ ਦਾ ਭੋਗ ਬੜੀ ਖ਼ੂਬਸੂਰਤੀ ਨਾਲ ਪਾਇਆ ਬਾਦਲ ਸਾਬ ਨੇ। ਇਹ ਉਸ ਦੀ ਕਲਾ ਹੀ ਸੀ ਕਿ ਇਸ ਦੇ ਬਾਵਜੂਦ ਅਕਾਲੀ ਦਲ ਉਹਨੂੰ 'ਫਖਰੇ ਕੌਮ' ਦਾ ਖਿਤਾਬ ਦਿੰਦਾ ਹੈ। ਦਿਖਣ ਵਿਚ ਬੜੀ ਭੋਲੀ ਜਿਹੀ ਸੂਰਤ ਵਿਚ ਸਾਹਮਣੇ ਆਉਣ ਵਾਲੇ ਬਾਦਲ ਦੀ ਹੀ ਸਿਫਤ ਸੀ ਕਿ ਉਹ ਓਦੋਂ ਵੀ ਵੋਟਾਂ ਲੈ ਸਕਦਾ ਸੀ ਜਦੋਂ ਪੰਜਾਬ ਰੋਡਵੇਜ ਵੱਡੇ ਘਾਟੇ ਵਿਚ ਚਲਦੀ ਹੈ ਤੇ ਬਾਦਲਾਂ ਦੀਆਂ ਬੱਸਾਂ ਦੂਣ ਸਵਾਈਆਂ ਹੁੰਦੀਆਂ ਹਨ।ਜੇ ਕਿਤੇ ਸਿਰਸੇ ਵਾਲੇ ਸਾਧ ਦਾ ਮਸਲਾ ਨਾਂ ਹੁੰਦਾ ਤਾਂ ਅੱਜ ਵੀ ਬਹੁਤੇ ਸਿੱਖਾਂ ਨੇ ਮੰਨਣਾ ਹੀ ਨਹੀ ਸੀ ਕਿ ਬਾਦਲ ਗੁਪਤ ਦੁਸ਼ਮਣ ਹੈ। ਇਸ ਸਖਸ਼ ਨੇ ਨਿਰਾ ਸਿੱਖੀ ਦਾ ਹੀ ਘਾਣ ਨਹੀ ਕੀਤਾ ਇਹ ਪੰਜਾਬੀਅਤ ਦੇ ਕਿਰਦਾਰ ਨੂੰ ਵੀ ਨਿਵਾਣ ਵਲ ਲੈ ਗਿਆ। ਨਸ਼ਾ ਤਸਕਰੀ ਦੀ ਪੁਲਿਸ ਰਾਂਹੀ ਪੁਸ਼ਤ ਪਨਾਹੀ, ਆਟਾ ਦਾਲ ਸਕੀਮ ਦਾ ਲਾਗੂ ਕੀਤੇ ਜਾਣਾ, ਬੋਤਲ ਫਾਰ ਬੈਲੇਟ ਜਾਂ ਫਿਰ ਕਿਸਾਨਾਂ ਨੂੰ ਮੁਫਤ ਬਿਜਲੀ ਦੇ ਕੇ ਦਰਿਆਵਾਂ ਦਾ ਚੇਤਾ ਭੁਲਾਈ ਰਖਣਾ ਕੌਮ ਦੇ ਅਜਿਹੇ ਜੜ੍ਹੀਂ ਤੇਲ ਨੇ ਜਿਸ ਨੂੰ ਪੰਜਾਬੀਆਂ ਦੀਆਂ ਆਉਣ ਵਾਲੀਆਂ ਪੀੜੀਆਂ ਸਦੀਆਂ ਤਕ ਯਾਦ ਕਰਿਆ ਕਰਨਗੀਆਂ। ਉਤੋਂ ਉਤੋਂ ਸੰਘੀ ਢਾਂਚੇ ਦੀ ਵਕਾਲਤ ਕਰਨ ਵਾਲਾ ਬਾਦਲ ਉਦੋਂ ਤੜਫ ਉਠਦਾ ਹੈ ਜਦੋਂ ਜੰਮੂ ਕਸ਼ਮੀਰ ਦੀ ਵਿਧਾਨ ਸਭਾ ਵਿਚ ਖੁਦਮੁਖਤਿਆਰੀ ਦਾ ਮਤਾ ਪਾਸ ਹੁੰਦਾ ਹੈ।

ਬਾਦਲ ਸਾਬ ਨੂੰ ਤਾਂ ਓਦੋਂ ਹੀ ਸ਼ਰਧਾਜਲੀ ਮਿਲਣੀ ਸ਼ੁਰੂ ਹੋ ਗਈ ਸੀ ਜਦੋਂ ਆਖਿਰੀ ਸਾਹ ਚਲ ਰਹੇ ਸਨ ਤੇ ਮਰਿੰਡੇ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਹੋ ਰਹੀ ਬੇਅਦਬੀ ਮੌਕੇ ਅਖੌਤੀ ਅਕਾਲੀ ਉਤੋਂ ਦੀ ਗਾਤਰਾ ਕਿਰਪਾਨ ਪਾਈ, ਮੁਜਰਮ ਨੂੰ ਸੰਗਤ ਦੇ ਰੋਹ ਤੋਂ ਬਚਾ ਰਿਹਾ ਸੀ। ਅਫਸੋਸ! ਅਰਬਾਂ ਖਰਬਾਂ ਦੀ ਜਾਇਦਾਦ ਬਣਾਉਣ ਵਾਲੇ ਬਾਦਲ ਦਾ ਰਾਸ਼ਟਰਪਤੀ ਜਾਂ ਉਪ-ਰਾਸ਼ਟਰਪਤੀ ਬਣਨ ਦਾ ਸੁਫਨਾ ਅਧੂਰਾ ਹੀ ਰਹਿ ਗਿਆ ਅਤੇ ਖਾਲੀ ਹੱਥ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਗਿਆ। ਅਫਸੋਸ!!!!

**-ਭਬੀਸ਼ਨ ਸਿੰਘ ਗੁਰਾਇਆ**

# ਕੈਨੇਡਾ ਤੋਂ ਯੂ.ਕੇ. ਤੱਕ ਨਸ਼ਾ ਤਸਕਰੀ ਦਾ ਨੈਟਵਰਕ ਚਲਾ ਰਹੇ 3 ਪੰਜਾਬੀਆਂ ਨੂੰ ਕੈਦ

ਲੰਡਨ:ਕੈਨੇਡਾ ਤੋਂ ਯੂ.ਕੇ. ਤੱਕ ਨਸ਼ਾ ਤਸਕਰੀ ਦਾ ਨੈਟਵਰਕ ਚਲਾਉਣ ਵਾਲੇ ਤਿੰਨ ਪੰਜਾਬੀਆਂ ਸਣੇ ਚਾਰ ਜਣਿਆਂ ਨੂੰ 17 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਮਾਮਲਾ 8 ਫ਼ਰਵਰੀ 2021 ਨੂੰ ਸਾਹਮਣੇ ਆਇਆ ਜਦੋਂ ਯੂ.ਕੇ. ਦੇ ਬਾਰਡਰ ਅਫਸਰਾਂ ਨੇ ਹੀਥਰੋ ਹਵਾਈ ਅੱਡੇ 'ਤੇ ਪੁੱਜੇ ਪੈਕੇਜ ਵਿਚੋਂ 10 ਲੱਖ ਪਾਊਂਡ ਮੁੱਲ ਦੇ ਨਸ਼ੇ ਬਰਾਮਦ ਕੀਤੇ ਅਤੇ ਪੁਲਿਸ ਨੇ ਡੂੰਘਾਈ ਨਾਲ ਪੜਤਾਲ ਕਰਦਿਆਂ ਕਰਨ ਗਿੱਲ, ਜੈਗ ਸਿੰਘ, ਗੋਵਿੰਦ ਬਾਹੀਆ ਅਤੇ ਗਰੈਗਰੀ ਬਲੈਕਲੌਕ ਨੂੰ ਗ੍ਰਿਫ਼ਤਾਰ ਕਰ ਲਿਆ। ਕੈਂਟ ਅਤੇ ਅਸੈਕਸ ਦੇ ਸੀਰੀਅਸ ਕ੍ਰਾਈਮ ਡਾਇਰੈਕਟੋਰੇਟ ਦੇ ਅਫ਼ਸਰ ਪੈਕੇਜ ਉਪਰ ਲਿਖੇ ਪਤੇ 'ਤੇ ਪੁੱਜੇ ਜੋ ਡਾਰਟਫੋਰਡ ਦੇ ਕਿਸੇ ਕਾਰੋਬਾਰੀ ਅਦਾਰੇ ਦਾ ਸੀ।





**Sidhu Homeopathic Clinic**

Homeopathic Treatment for Anxiety, Depression, Insomnia, Asthma, Allergies, Skin Diseases Dandruff, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY



**THANDI AUTO CARE CENTRE LTD**

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

# ਖਿਡਾਰੀਆਂ ਦੀ ਥਾਂ ਬ੍ਰਿਜ ਭੂਸ਼ਣ ਦੀ ਹਮਾਇਤ ਕਰ ਰਿਹੈ ਮੀਡੀਆ:ਪਹਿਲਵਾਨ

ਨਵੀਂ ਦਿੱਲੀ:-ਜੰਤਰ-ਮੰਤਰ ’ਤੇ ਧਰਨਾ ਦੇ ਰਹੇ ਪਹਿਲਵਾਨਾਂ ਨੇ ਦੋਸ਼ ਲਾਇਆ ਹੈ ਕਿ ਮੀਡੀਆ ਖਿਡਾਰੀਆਂ ਤੋਂ ਜ਼ਿਆਦਾ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਸਹਾਇਤਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪੱਤਰਕਾਰ ਉਸ ਨੂੰ ਬੋਲਣ ਲਈ ਮੰਚ ਪ੍ਰਦਾਨ ਨਾ ਕਰਨ। ਮੀਡੀਆ ਨਾਲ ਗੱਲਬਾਤ ਕਰਦਿਆਂ ਬਜਰੰਗ ਪੂਨੀਆ ਨੇ ਕਿਹਾ,‘‘ਮੀਡੀਆ ਖਿਡਾਰੀਆਂ ਤੋਂ ਜ਼ਿਆਦਾ ਬ੍ਰਿਜ ਭੂਸ਼ਣ ਦੀ ਹਮਾਇਤ ਕਰ ਰਿਹਾ ਹੈ।ਤੁਸੀਂ ਉਸ ਦਾ ਅਪਰਾਧਿਕ ਰਿਕਾਰਡ ਦੇਖੋ। ਕੀ ਇਥੇ ਬੈਠੇ ਜਾਂ ਹੋਰ ਖੇਡਾਂ ਦੇ ਖਿਡਾਰੀਆਂ ਦਾ ਕੋਈ ਅਪਰਾਧਿਕ ਰਿਕਾਰਡ ਹੈ?’’ ਬਜਰੰਗ ਨੇ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਕਿ ਦੇਸ਼ ’ਚ ਸੰਸਦ ਮੈਂਬਰ ਬਣਨ ਨਾਲੋਂ ਬਹੁਤਾ ਮੁਸ਼ਕਲ ਓਲੰਪਿਕ ’ਚ ਤਗਮਾ ਜਿੱਤਣਾ ਹੁੰਦਾ ਹੈ। ਉਨ੍ਹਾਂ ਕਿਹਾ,‘‘ਖਿਡਾਰੀ ਦੇਸ਼ ਲਈ ਤਗਮੇ ਜਿੱਤਦੇ ਹਨ ਅਤੇ ਉਹ ਤਗਮਾ ਜੇਤੂਆਂ ਨੂੰ ਸਵਾਲ ਕਰ ਰਿਹਾ ਹੈ। ਦੇਸ਼ ’ਚ ਕਿੰਨੇ ਲੋਕ ਸੰਸਦ ਮੈਂਬਰ ਬਣਦੇ ਹਨ ਅਤੇ ਕਿੰਨੇ ਕੁ ਲੋਕ ਓਲੰਪਿਕ ਤਗਮੇ ਜਿੱਤਦੇ ਹਨ। ਅੱਜ ਦੀ ਤਰੀਕ ’ਚ ਮਸਾਂ 40 ਓਲੰਪਿਕ ਤਗਮਾ ਜੇਤੂ ਹਨ ਜਦਕਿ ਹਜ਼ਾਰਾਂ ਲੋਕ ਸੰਸਦ ਮੈਂਬਰ ਬਣ ਚੁੱਕੇ ਹਨ।ਵਿਨੇਸ਼ ਫੋਗਾਟ ਨੇ ਬ੍ਰਿਜ ਭੂਸ਼ਣ ਵੱਲੋਂ ਪਹਿਲਵਾਨਾਂ ਦੇ ਸਿਆਸਤ ’ਚ ਸ਼ਾਮਲ ਹੋਣ ਦੇ ਲਾਏ ਗਏ ਦੋਸ਼ਾਂ ਨੂੰ ਆਧਾਰਹੀਣ ਕਰਾਰ ਦਿੱਤਾ।ਉਨ੍ਹਾਂ ਕਿਹਾ,‘‘ਅਸੀਂ ਕਿਸੇ ਸਿਆਸਤ ’ਚ ਸ਼ਾਮਲ ਨਹੀਂ ਹਾਂ। ਅਸੀਂ ਸਿੱਧੇ ਦਿਲ ਤੋਂ ਬੋਲਦੇ ਹਾਂ ਜਿਸ ਕਾਰਨ ਇਥੇ ਕਈ ਲੋਕ ਸਾਡੀ ਹਮਾਇਤ ’ਚ ਡਟੇ ਹੋਏ ਹਨ।ਵਿਨੇਸ਼ ਨੇ ਕਿਹਾ ਕਿ ਉਸ ਵਿਅਕਤੀ (ਬ੍ਰਿਜ ਭੂਸ਼ਣ) ਦਾ ਹੰਕਾਰ ਰਾਵਣ ਨਾਲੋਂ ਵੀ ਵੱਡਾ ਹੈ। ‘ਜੇਕਰ ਉਹ ਸੁਪਰੀਮ ਕੋਰਟ ਦੇ ਹੁਕਮਾਂ ਮਗਰੋਂ ਬਰੀ ਹੋ ਜਾਂਦਾ ਹੈ ਤਾਂ ਤੁਸੀਂ ਉਸ ਨੂੰ ਹਾਰ ਪਾ ਸਕਦੇ ਹੋ ਪਰ ਉਸ ਨੂੰ ਅਜੇ ਵੀ ਹਾਰ ਪਾਏ ਜਾ ਰਹੇ ਹਨ।ਉਸ ਨੇ ਕੀ ਕੀਤਾ ਹੈ?ਅਸੀਂ ਜਦੋਂ ਤਗਮੇ ਜਿੱਤਦੇ ਹਾਂ ਤਾਂ ਸਾਨੂੰ ਹਾਰ ਪਾਏ ਜਾਂਦੇ ਹਨ। ਉਸ ਨੇ ਮਹਿਲਾ ਅਥਲੀਟਾਂ ਦਾ ਸ਼ੋਸ਼ਣ ਕੀਤਾ ਹੈ ਅਤੇ ਉਸ ਦਾ ਸਨਮਾਨ ਕੀਤਾ ਜਾ ਰਿਹਾ ਹੈ।ਮੈਂ ਅਪੀਲ ਕਰਦੀ ਹਾਂ ਕਿ ਉਸ ਨੂੰ ਕੋਈ ਮੰਚ ਪ੍ਰਦਾਨ ਨਾ ਕੀਤਾ ਜਾਵੇ।ਬਜਰੰਗ ਨੇ ਕਿਹਾ ਕਿ ਜੇਕਰ ਕਿਸੇ ਨੇ ਕੁਸ਼ਤੀ ਫੈਡਰੇਸ਼ਨ ’ਚ ਅਹੁਦਾ ਲੈਣਾ ਹੈ ਤਾਂ ਪਹਿਲਾਂ ਤੁਹਾਨੂੰ ਪ੍ਰਦੇਸ਼ ਐਸੋਸੀਏਸ਼ਨ ਦਾ ਮੈਂਬਰ ਬਣਨਾ ਪਵੇਗਾ। ‘ਅਸੀਂ ਕੁਸ਼ਤੀ ਫੈਡਰੇਸ਼ਨ ਦਾ ਕੰਟਰੋਲ ਨਹੀਂ ਚਾਹੁੰਦੇ ਹਾਂ। ਉਸ ਦਾ ਪੁੱਤਰ ਯੂਪੀ ਐਸੋਸੀਏਸ਼ਨ ਦਾ ਪ੍ਰਧਾਨ ਹੈ ਅਤੇ ਅੱਗੇ ਪੁੱਤਰ ਦਾ ਰਿਸ਼ਤੇਦਾਰ ਸਕੱਤਰ ਹੈ।ਉਸ ਦਾ ਇਕ ਹੋਰ ਰਿਸ਼ਤੇਦਾਰ ਪ੍ਰਦੇਸ਼ ਐਸੋਸੀਏਸ਼ਨ ਦਾ ਵੀ ਮੈਂਬਰ ਹੈ। ਉਹ ਸਾਡੇ ’ਤੇ ਪਰਿਵਾਰਵਾਦ ਦੇ ਦੋਸ਼ ਲਾ ਰਿਹਾ ਹੈ ਜਦਕਿ ਉਸ ਨੇ ਖੁਦ ਪਰਿਵਾਰਵਾਦ ਫੈਲਾਇਆ ਹੋਇਆ ਹੈ।’ ਜੰਤਰ-ਮੰਤਰ ’ਤੇ ਅਧਿਕਾਰੀਆਂ ਵੱਲੋਂ ਕੋਈ ਸਹਿਯੋਗ ਨਾ ਦਿੱਤੇ ਜਾਣ ਬਾਰੇ ਵਿਨੇਸ਼ ਨੇ ਪੱਤਰਕਾਰਾਂ ਨੂੰ ਕਿਹਾ ਕਿ ਉਹ ਇੱਥੇ ਇਕ ਰਾਤ ਗੁਜ਼ਾਰ ਕੇ ਦੇਖਣ ਤਾਂ ਪਤਾ ਲੱਗ ਜਾਵੇਗਾ ਕਿ ਅਧਿਕਾਰੀ ਪਹਿਲਵਾਨਾਂ ਦੀ ਕਿੰਨੀ ਕੁ ਸਹਾਇਤਾ ਕਰ ਰਹੇ ਹਨ।



# ਭਲਵਾਨਾਂ ਦੇ ਮੋਰਚੇ ’ਚ ਨਵਾਂ ਮੋੜ

## ਮੋਦੀ-ਅਮਿਤ ਸ਼ਾਹ ਅਤੇ ਯੋਗੀ ਵਿੱਚਕਾਰ ਦਰਾੜ ਦੀ ਕੰਸੋਅ

ਮਹਿਲਾ ਭਲਵਾਨਾਂ ਦਾ ਫੈਡਰੇਸ਼ਨ ਦੇ ਪ੍ਰਧਾਨ ਤੇ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਸ਼ਰਣ ਸਿੰਘ ਵਿਰੁੱਧ ਮੋਰਚਾ ਦਿਨੋ-ਦਿਨ ਸਰਕਾਰ ਲਈ ਚੁਣੌਤੀ ਬਣਦਾ ਜਾ ਰਿਹਾ ਹੈ। ਤਿੰਨ ਮਹੀਨੇ ਪਹਿਲਾਂ ਜਦੋਂ ਮਹਿਲਾ ਭਲਵਾਨਾਂ ਨੇ ਪਹਿਲੀ ਵਾਰ ਧਰਨਾ ਮਾਰਿਆ ਸੀ ਤਾਂ ਉਨ੍ਹਾਂ ਦਾ ਰੌਂਅ ਸਰਕਾਰ ਪ੍ਰਤੀ ਨਰਮ ਸੀ। ਉਨ੍ਹਾਂ ਨੂੰ ਜਾਪਦਾ ਸੀ ਕਿ ਸਰਕਾਰ ਉਨ੍ਹਾਂ ਦੀ ਗੱਲ ਜ਼ਰੂਰ ਸੁਣੇਗੀ। ਇਸੇ ਕਾਰਨ ਜਦੋਂ ਸਰਕਾਰ ਨੇ ਉਨ੍ਹਾਂ ਨੂੰ ਕਾਰਵਾਈ ਦਾ ਭਰੋਸਾ ਦਿੱਤਾ ਤਾਂ ਉਹ ਧਰਨਾ ਖ਼ਤਮ ਕਰਨ ਲਈ ਸਹਿਮਤ ਹੋ ਗਈਆਂ ਸਨ। ਤਿੰਨ ਮਹੀਨੇ ਦੀ ਉਡੀਕ ਤੋਂ ਬਾਅਦ ਵੀ ਜਦੋਂ ਮਹਿਲਾ ਭਲਵਾਨਾਂ ਨੂੰ ਲੱਗਿਆ ਕਿ ਸਰਕਾਰ ਦੀ ਨੀਤੀ ਟਾਲ-ਮਟੋਲ ਵਾਲੀ ਹੈ ਤਾਂ ਉਹ ਪੂਰੀ ਤਿਆਰੀ ਨਾਲ ਹੱਕ ਦੇ ਅਖਾੜੇ ਵਿੱਚ ਉਤਰੀਆਂ ਹਨ। ਪਿਛਲੀ ਵਾਰ ਤੋਂ ਉਲਟ ਇਸ ਵਾਰ ਉਨ੍ਹਾਂ ਸਭ ਸਿਆਸੀ ਧਿਰਾਂ ਦੀ ਹਮਾਇਤ ਲੈਣ ਲਈ ਆਪਣੇ ਦਰ ਖੁੱਲ੍ਹੇ ਰੱਖੇ ਹਨ। ਉਨ੍ਹਾਂ ਨੂੰ ਹਮਾਇਤ ਵੀ ਬੇਮਿਸਾਲ ਮਿਲ ਰਹੀ ਹੈ। ਪ੍ਰਿਅੰਕਾ ਗਾਂਧੀ, ਕੇਜਰੀਵਾਲ ਤੋਂ ਲੈ ਕੇ ਪੱਪੂ ਯਾਦਵ ਤੇ ਨਵਜੋਤ ਸਿੱਧੂ ਵਰਗੇ ਆਗੂ ਉਨ੍ਹਾਂ ਦੇ ਧਰਨੇ ਵਿੱਚ ਪੁੱਜੇ ਹਨ। ਕਿਸਾਨਾਂ ਦੇ ਸੰਯੁਕਤ ਮੋਰਚੇ ਤੋਂ ਲੈ ਕੇ ਹਰਿਆਣੇ ਦੀਆਂ ਖਾਪ ਪੰਚਾਇਤਾਂ ਉਨ੍ਹਾਂ ਦੀ ਹਮਾਇਤ ਵਿੱਚ ਆ ਚੁੱਕੀਆਂ ਹਨ। ਇਤਿਹਾਸਕ ਕਿਸਾਨ ਅੰਦੋਲਨ ਵਾਂਗ ਹੀ ਉਨ੍ਹਾਂ ਆਪਣੇ ਧਰਨੇ ਨੂੰ ਵੀ ਜਥੇਬੰਦ ਕੀਤਾ ਹੈ। ਆਪਣਾ ਰਸੋਈਆ ਲਾ ਕੇ ਲੰਗਰ ਦੇ ਪ੍ਰਬੰਧ ਦੇ ਨਾਲ-ਨਾਲ ਹਰਿਆਣੇ ਤੋਂ ਦੁੱਧ ਤੇ ਹੋਰ ਖਾਧ ਸਮੱਗਰੀ ਲਗਾਤਾਰ ਪੁੱਜ ਰਹੀ ਹੈ। ਉਨ੍ਹਾਂ ਆਪਣੀ ਟਰੇਨਿੰਗ ਦਾ ਸਾਜ਼ੋ-ਸਮਾਨ ਵੀ ਜਮ੍ਹਾਂ ਕਰ ਰੱਖਿਆ ਹੈ।ਇਸ ਦੌਰਾਨ ਬ੍ਰਿਜਭੂਸ਼ਣ ਸ਼ਰਣ ਸਿੰਘ ਦੇ ਇੱਕ ਟਵੀਟ ਨੇ ਸਾਰੀ ਲੜਾਈ ਨੂੰ ਨਵਾਂ ਮੋੜ ਦੇ ਦਿੱਤਾ ਹੈ। ਕੱਲ੍ਹ ਤੱਕ ਜਿਹੜਾ ਬ੍ਰਿਜ ਭੂਸ਼ਣ ਸ਼ਰਣ ਕਹਿੰਦਾ ਸੀ ਕਿ ਉਹ ਕਿਸੇ ਹਾਲਤ ਵਿੱਚ ਅਸਤੀਫ਼ਾ ਨਹੀਂ ਦੇਵੇਗਾ, ਨੇ ਇਕ ਟਵੀਟ ਰਾਹੀਂ ਗੇਂਦ ਮੋਦੀ ਦੇ ਪਾਲੇ ਵਿੱਚ ਸੁੱਟ ਦਿੱਤੀ ਹੈ। ਉਸ ਨੇ ਕਿਹਾ ਹੈ ਕਿ ਪੀ ਐੱਮ ਕਹਿਣਗੇ ਤਾਂ ਮੈਂ ਤੁਰੰਤ ਅਸਤੀਫ਼ਾ ਦੇ ਦਿਆਂਗਾ, ਅਮਿਤ ਸ਼ਾਹ ਤੇ ਜੇ ਪੀ ਨੱਢਾ ਵੀ ਕਹਿਣਗੇ ਤਾਂ ਵੀ ਦੇ ਦਿਆਂਗਾ। ਇਸ ਟਵੀਟ ਤੋਂ ਤਾਂ ਇਹੋ ਲਗਦਾ ਹੈ ਕਿ ਭਾਜਪਾ ਦੇ ਇਨ੍ਹਾਂ ਆਗੂਆਂ ਦੇ ਕਹਿਣ ਕਾਰਨ ਹੀ ਬ੍ਰਿਜ ਭੂਸ਼ਣ ਅਸਤੀਫ਼ਾ ਨਾ ਦੇਣ ਲਈ ਅੜੇ ਹੋਏ ਹਨ।ਇਸ ਤੋਂ ਪਹਿਲਾਂ ਏ ਬੀ ਪੀ ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਬ੍ਰਿਜ ਭੂਸ਼ਣ ਨੇ ਕਿਹਾ ਸੀ ਕਿ ਮੇਰੇ ਵਿਰੁੱਧ ਮਹਿਲਾ ਭਲਵਾਨਾਂ ਨੂੰ ਚੁੱਕਣ ਲਈ ਇੱਕ ਬਾਬੇ ਦਾ ਹੱਥ ਹੈ। ਕੁਝ ਵਿਸ਼ਲੇਸ਼ਣਕਾਰਾਂ ਦਾ ਕਹਿਣਾ ਹੈ ਕਿ ਇਹ ਬਾਬਾ ਹੋਰ ਕੋਈ ਨਹੀਂ, ਯੋਗੀ ਆਦਿੱਤਿਆਨਾਥ ਹੀ ਹੋ ਸਕਦਾ ਹੈ। ਭਾਜਪਾ ਦੀ ਅੰਦਰਲੀ ਲੜਾਈ ਵਿੱਚ ਮੋਦੀ-ਸ਼ਾਹ ਜੋੜੀ ਯੋਗੀ ਆਦਿੱਤਿਆਨਾਥ ਨੂੰ ਹੀ ਆਪਣੇ ਲਈ ਖ਼ਤਰਾ ਸਮਝਦੀ ਹੈ। ਬ੍ਰਿਜ ਭੂਸ਼ਣ ਸ਼ਰਣ ਦਾ ਯੋਗੀ ਆਦਿੱਤਿਆਨਾਥ ਨਾਲ ਹਮੇਸ਼ਾ ਛੱਤੀ ਦਾ ਅੰਕੜਾ ਰਿਹਾ ਹੈ। ਇਸ ਲਈ ਮੋਦੀ-ਸ਼ਾਹ ਦਾ ਹੱਥ ਬ੍ਰਿਜ ਭੂਸ਼ਣ ਸ਼ਰਣ ਦੀ ਪਿੱਠ ਉੱਤੇ ਰਹਿੰਦਾ ਰਿਹਾ ਹੈ। ਉਪਰੋਂ 2024 ਦੀਆਂ ਚੋਣਾਂ ਸਿਰ ਉੱਤੇ ਹਨ। ਬ੍ਰਿਜ ਭੂਸ਼ਣ ਸ਼ਰਣ ਦਾ ਅਵਧ ਦੀਆਂ ਘੱਟੋ-ਘੱਟ ਦਰਜਨ ਦੇ ਕਰੀਬ ਲੋਕ ਸਭਾ ਸੀਟਾਂ ਉੱਤੇ ਦਬਦਬਾ ਹੈ। ਦੋ ਦਿਨ ਪਹਿਲਾਂ ਬ੍ਰਿਜ ਭੂਸ਼ਣ ਨੇ ਸਪਾ ਮੁਖੀ ਅਖਿਲੇਸ਼ ਯਾਦਵ ਦੀ ਪ੍ਰਸੰਸਾ ਕਰਕੇ ਭਾਜਪਾ ਲੀਡਰਸ਼ਿਪ ਨੂੰ ਅੱਖਾਂ ਦਿਖਾ ਦਿੱਤੀਆਂ ਸਨ ਤੇ ਹੁਣ ਉਸ ਦੇ ਟਵੀਟ ਨੂੰ ਵੀ ਭਾਜਪਾ ਲਈ ਸਿੱਧੀ ਧਮਕੀ ਸਮਝਿਆ ਜਾ ਰਿਹਾ ਹੈ।ਜਿਵੇਂ-ਜਿਵੇਂ ਸਮਾਂ ਬੀਤਦਾ ਜਾ ਰਿਹਾ ਹੈ, ਭਾਜਪਾ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਸਰਕਾਰ ਨੂੰ ਭਰੋਸਾ ਸੀ ਕਿ ਸੁਪਰੀਮ ਕੋਰਟ ਦੇ ਦਖ਼ਲ ਨਾਲ ਬ੍ਰਿਜ ਭੂਸ਼ਣ ਉੱਤੇ ਕੇਸ ਦਰਜ ਹੋਣ ਤੋਂ ਬਾਅਦ ਭਲਵਾਨ ਆਪਣਾ ਧਰਨਾ ਸਮਾਪਤ ਕਰ ਦੇਣਗੇ, ਪਰ ਉਸ ਦਾ ਅੰਦਾਜ਼ਾ ਗਲਤ ਸਾਬਤ ਹੋਇਆ ਹੈ। ਧਰਨੇ ਦੌਰਾਨ ਬ੍ਰਿਜ ਭੂਸ਼ਣ ਦੀਆਂ ਮਹਿਲਾ ਭਲਵਾਨਾਂ ਦੇ ਜਿਨਸੀ ਸ਼ੋਸ਼ਣ ਦੀਆਂ ਨਿੱਤ ਨਵੀਂਆਂ ਕਹਾਣੀਆਂ ਸਾਹਮਣੇ ਆ ਰਹੀਆਂ ਹਨ। ਮੁਕਾਬਲਿਆਂ ਦੌਰਾਨ ਫੈਡਰੇਸ਼ਨ ਪ੍ਰਧਾਨ ਬ੍ਰਿਜ ਭੂਸ਼ਣ ਹਮੇਸ਼ਾ ਉਸੇ ਹੋਟਲ ਵਿੱਚ ਰੁਕਦਾ ਸੀ, ਜਿੱਥੇ ਮਹਿਲਾ ਖਿਡਾਰਨਾਂ ਦੀ ਰਿਹਾਇਸ਼ ਹੁੰਦੀ ਸੀ। ਫੈਡਰੇਸ਼ਨ ਦੇ ਨਿਯਮਾਂ ਮੁਤਾਬਕ ਫੈਡਰੇਸ਼ਨ ਦੇ ਕਿਸੇ ਅਹੁਦੇਦਾਰ ਨੂੰ ਉਸ ਹੋਟਲ ਵਿੱਚ ਠਹਿਰਨ ਦੀ ਮਨਾਹੀ ਹੈ, ਜਿਸ ਵਿੱਚ ਖਿਡਾਰੀ ਠਹਿਰੇ ਹੋਣ। ਬ੍ਰਿਜ ਭੂਸ਼ਣ ਤਾਂ ਆਪਣਾ ਕਮਰਾ ਵੀ ਮਹਿਲਾ ਭਲਵਾਨਾਂ ਦੇ ਕਮਰਿਆਂ ਦੇ ਸਾਹਮਣੇ ਵਾਲਾ ਹੀ ਬੁੱਕ ਕਰਾਉਂਦਾ ਸੀ। ਇਸੇ ਦੌਰਾਨ ਵਿਨੇਸ਼ ਫੋਗਾਟ ਨੇ ਸਾਫ਼-ਸਾਫ਼ ਕਿਹਾ ਹੈ ਕਿ ਬ੍ਰਿਜ ਭੂਸ਼ਣ ਸ਼ਰਣ ਨੂੰ ਸਿਰਫ਼ ਪ੍ਰਧਾਨਗੀ ਤੋਂ ਹੀ ਨਹੀਂ, ਸੰਸਦ ਮੈਂਬਰ ਵਜੋਂ ਵੀ ਹਟਾਇਆ ਜਾਣਾ ਚਾਹੀਦਾ ਹੈ। ਉਸ ਨੂੰ ਜੇਲ੍ਹ ਵਿੱਚ ਬੰਦ ਕਰਕੇ ਉਸ ਦੀਆਂ ਕਰਤੂਤਾਂ ਦੀ ਜਾਂਚ ਕਰਾਈ ਜਾਣੀ ਜ਼ਰੂਰੀ ਹੈ।--ਚੰਦ ਫਤਿਹਪੁਰੀ


BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary Celebration





New Location:
346 8140 128th St
(Payal Bus. Centre)
Surrey BC
Ph: 778-565-5000

Flagship Location:
6612 Main St.
Vancouver BC
Ph: 604-327-8711

BhartiJewellers.com



ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ

ਫੈਮਲੀ ਲਾਅ
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

ਇਮੀਗ੍ਰੇਸ਼ਨ ਲਾਅ
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

ਇੰਪਲਾਇਮੈਂਟ ਲਾਅ
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ ’ਤੇ ਲੱਗੀ ਸੱਟ
- ਕੰਮ ਦੇ ਸਥਾਨ ’ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ ’ਤੇ ਸਮਾਗਮਾਂ ਦੇ ਕਲੇਮ

ਕਾਰਪੋਰੇਟ ਅਤੇ ਬਿਜ਼ਨਸ ਲਾਅ
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

ਨੋਟਰੀ ਸੇਵਾਵਾਂ
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

ਸਾਡੀ ਚੋਣ ਕਰਨ ਦੇ ਫਾਇਦੇ
- ਘੱਟ ਕੀਮਤ ’ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ





ਚਰਨਜੀਤ ਕੌਰ ਰੈਨਾ
ਵਕੀਲ ਅਤੇ ਨੋਟਰੀ ਪਬਲਿਕ
778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com

# ਕਰਾਮਾਤ ਅਤੇ ਮੁਲਾਕਾਤ





"ਸੰਤ ਬਾਬਾ ਉਤੱਮ ਸਿੰਘ ਜੀ ਮਹਾਂਪੁਰਸ਼ ਕਾਰ ਸੇਵਾ ਖਡੂਰ ਸਾਹਿਬ ਵਾਲੇ ਇਹ ਗੱਲ ਅਕਸਰ ਕਿਹਾ ਕਰਦੇ ਸਨ ਕਿ ਸਿੱਖੀ ਵਿੱਚ ਦੋ ਚੀਜ਼ਾਂ ਬਹੁਤ ਅਹਿਮ ਹਨ "ਕਰਾਮਾਤ ਅਤੇ ਮੁਲਾਕਾਤ" ਪ੍ਰਤੱਖ ਕਰਾਮਾਤ ਤਾਂ ਗੁਰੂ ਸਾਹਿਬ ਆਪ ਅਤੇ ਗੁਰੂ ਖਾਲਸਾ ਪੰਥ ਵਰਤਾ ਸਕਦਾ ਹੈ ਸਾਡੇ ਕੋਲ ਤਾਂ ਮੁਲਾਕਾਤ ਹੀ ਹੈ ਸੋ ਭਾਈ ਸਿੱਖੋ ਸਾਨੂੰ ਆਪਸੀ ਮੁਲਾਕਾਤ ਕਰਨੀ ਕਦੇ ਵੀ ਨਹੀਂ ਛਡਣੀ ਚਾਹੀਦੀ ਕਿਉਂਕਿ ਉਸ ਮੁਲਾਕਾਤ ਵਿਚ ਵੀ ਕਰਾਮਾਤ ਹੋ ਸਕਦੀ ਹੈ "

ਇਹ ਗੱਲ ਪਿਛਲੇ ਦਿਨੀਂ ਪ੍ਰਤੱਖ ਦੇਖਣ ਨੂੰ ਵੀ ਮਿਲੀ ਜਦ ਭਾਈ ਦਲਜੀਤ ਸਿੰਘ, ਭਾਈ ਸਤਨਾਮ ਸਿੰਘ ਖੰਡੇ ਵਾਲਾ, ਭਾਈ ਲਾਲ ਸਿੰਘ ਅਕਾਲਗੜ੍ਹ ਭਾਈ ਨਰੈਣ ਸਿੰਘ ਚੌੜਾ, ਭਾਈ ਰਜਿੰਦਰ ਸਿੰਘ ਮੁਗਲਵਾਲ,ਭਾਈ ਸਤਨਾਮ ਸਿੰਘ ਝੰਜੀਆਂ ਤੇ ਬਾਕੀ ਸਿੰਘਾਂ ਦੇ ਪੰਥ ਸੇਵਕ ਜੁਝਾਰੂ ਜਥੇ ਵਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਇਲਾਕੇ ਵਿਚ ਵੱਖ ਵੱਖ ਉਨ੍ਹਾਂ ਜਥਿਆਂ ਨਾਲ ਮੁਲਾਕਾਤਾਂ ਕੀਤੀਆਂ ਜਿਹੜੇ ਜਥੇ ਪਿਛਲੇ ਸਮੇਂ ਤੋਂ ਲਗਾਤਾਰ ਪੰਥ ਸੇਵਾ ਵਿਚ ਕਿਸੇ ਨਾ ਕਿਸੇ ਰੂਪ ਵਿਚ ਲਗਾਤਾਰ ਕਾਰਜਸ਼ੀਲ ਹਨ।

ਇਹ ਪ੍ਰਤੱਖ ਵੇਖਣ ਨੂੰ ਮਿਲਿਆ ਕਿ ਆਹਮੋ-ਸਾਹਮਣੇ ਬੈਠ ਕੇ ਆਪਸੀ ਵਿਚਾਰ-ਵਟਾਂਦਰਾ ਕਰਨ ਨਾਲ ਬਹੁਤ ਸਾਰੀਆਂ ਗੱਲਾਂ ਸਪੱਸ਼ਟ ਹੁੰਦੀਆਂ ਹਨ ਜੋ ਸ਼ੋਸਲ ਮੀਡੀਆ ਦੇ ਪਲੇਟਫਾਰਮ ਉਪਰ ਨਹੀਂ ਹੋ ਸਕਦੀਆਂ। ਇਹਨਾਂ ਇਕਤਰਤਾਵਾਂ ਵਿਚ ਕਈ ਨੌਜਵਾਨ ਇਸ ਤਰ੍ਹਾਂ ਦੇ ਮਿਲੇ ਜਿਨ੍ਹਾਂ ਨੇ ਕਿਹਾ ਕਿ ਅਸੀਂ ਇਨ੍ਹਾਂ ਜੁਝਾਰੂ ਸਿੰਘਾਂ ਨੂੰ ਸ਼ੋਸਲ ਮੀਡੀਆ ਉਪਰ ਲਗਾਤਾਰ ਸੁਣ ਰਹੇ ਹਾਂ ਪਰ ਅੱਜ ਪਹਿਲੀ ਵਾਰ ਸਾਹਮਣੇ ਬੈਠ ਕੇ ਗੱਲਬਾਤ ਕਰਨ ਦਾ ਤਜਰਬਾ ਬਹੁਤ ਵਧੀਆ ਰਿਹਾ ਹੈ। ਜੁਝਾਰੂ ਜਥੇ ਦੇ ਸਿੰਘਾਂ ਵਲੋਂ ਮੀਰੀ-ਪੀਰੀ ਦਿਵਸ ਮੌਕੇ 14 ਹਾੜ(28-ਜੂਨ) ਨੂੰ "ਵਿਸ਼ਵ ਸਿੱਖ ਇਕੱਤਰਤਾ" ਸ੍ਰੀ ਅਨੰਦਪੁਰ ਸਾਹਿਬ ਵਿਖੇ ਰੱਖੀ ਗਈ ਹੈ ਉਸ ਬਾਰੇ ਵੀ ਬਹੁਤ ਵਧੀਆ ਹੁੰਗਾਰਾ ਮਿਲਿਆ। ਸਭ ਤੋਂ ਵੱਡੀ ਗੱਲ ਕਿ ਇਸ ਗੱਲ ਉਪਰ ਸਭ ਨੌਜਵਾਨ ਸਹਿਮਤ ਸਨ ਕਿ ਜੋ "ਖਾਲਸਾ ਪੰਥ ਦੀਆਂ ਰਵਾਇਤਾਂ" ਗੁਰੂ ਸਾਹਿਬ ਜੀ ਸਾਨੂੰ ਦ੍ਰਿੜ ਕਰਵਾ ਕੇ ਗਏ ਸਨ ਕਿ "ਸੰਗਤ ਵਿਚੋਂ ਪੰਜ ਸਿੰਘ ਆਗੂ ਚੁਣ ਕੇ ਗੁਰਮਤਾ ਕਰਕੇ ਹੀ ਖਾਲਸਾ ਪੰਥ ਨੇ ਆਪਣੇ ਫੈਸਲੇ ਕਰਨੇ ਹਨ" ਅੱਜ ਉਸਦੀ ਬਹੁਤ ਲੋੜ ਹੈ ਅਤੇ ਇਹਨਾਂ "ਪੰਥਕ ਰਵਾਇਤਾਂ" ਦੀ ਪੁਨਰ-ਸੁਰਜੀਤੀ ਲਈ ਵੱਡੇ ਯਤਨ ਕਰਨੇ ਬਹੁਤ ਜਰੂਰੀ ਹਨ ਜੋ ਕਿ ਇਹ ਜੁਝਾਰੂ ਜਥੇ ਦੇ ਸਿੰਘ ਕਰ ਰਹੇ ਹਨ।

ਪੰਜ ਸਿੰਘ ਕਿਵੇਂ ਚੁਣੇ ਜਾਣੇ ਹਨ? ਉਨ੍ਹਾਂ ਨੂੰ ਚੁਣਨ ਦਾ ਅਧਿਕਾਰ ਕੌਣ ਰੱਖ ਸਕਦਾ ਹੈ? ਗੁਰਮਤਾ ਕਿਵੇਂ ਹੁੰਦਾ ਹੈ? ਅਕਾਲੀ ਕਿਸ ਨੂੰ ਕਿਹਾ ਜਾ ਸਕਦਾ ਹੈ? ਸਰਬੱਤ ਖਾਲਸਾ ਕੌਣ ਸੱਦ ਸਕਦਾ ਹੈ?

ਸਰਬੱਤ ਖਾਲਸਾ ਵਿਚ ਕੌਣ ਕੌਣ ਸ਼ਾਮਲ ਹੋ ਸਕਦੇ ਹਨ? ਆਦਿ ਅਨੇਕਾਂ ਸਵਾਲ ਜਿਨ੍ਹਾਂ ਉਪਰ ਨੌਜਵਾਨਾਂ ਨੇ ਖੁੱਲ੍ਹ ਕੇ ਚਰਚਾ ਕੀਤੀ ਅਤੇ ਖੂਬਸੂਰਤ ਗੱਲ ਕਿ ਨੌਜਵਾਨਾਂ ਨੇ ਖੁਦ ਇਹਨਾਂ ਸਵਾਲਾਂ ਦੇ ਉੱਤਰ ਵਜੋਂ ਇਤਿਹਾਸਕ ਗ੍ਰੰਥਾਂ ਦੇ ਹਵਾਲੇ ਦਿੱਤੇ, ਸੰਤ ਅਤਰ ਸਿੰਘ ਜੀ,ਭਾਈ ਵੀਰ ਸਿੰਘ ਜੀ, ਪ੍ਰੋ. ਪੂਰਨ ਸਿੰਘ ਜੀ ਦੇ ਹਵਾਲੇ ਦੇ ਕੇ ਦੱਸਿਆ ਕਿ ਇਹਨਾਂ "ਪੰਥਕ ਰਵਾਇਤਾਂ" ਦੀ ਸਾਡੇ ਲਈ ਅਹਿਮੀਅਤ ਕੀ ਹੈ ਅਤੇ ਖਾਸ ਕਰ ਅੱਜ ਦੇ ਸਮੇਂ ਇਨ੍ਹਾਂ ਰਵਾਇਤਾਂ ਦਾ ਮੁੜ ਸੁਰਜੀਤ ਹੋਣ ਜਰੂਰੀ ਕਿਉਂ ਹੈ?

ਸੋ ਅੱਜ ਏਨੇ ਖਿੰਡਾਓ ਦੇ ਸਮੇਂ ਵਿੱਚ ਜਦ ਇੰਡੀਅਨ ਸਟੇਟ ਸਿੱਖਾਂ ਉਪਰ ਮਨੋਵਿਗਿਆਨਕ ਹਮਲੇ ਲਗਾਤਾਰ ਕਰ ਰਹੀ ਹੈ ਤਾਂ ਸੰਤ ਬਾਬਾ ਉੱਤਮ ਸਿੰਘ ਜੀ ਮਹਾਂਪੁਰਖਾਂ ਦੇ ਇਸ ਕਥਨ ਉਪਰ ਅਮਲ ਕਰਨਾ ਹੋਰ ਵੀ ਜਰੂਰੀ ਹੋ ਜਾਂਦਾ ਹੈ ਕਿ ਆਪਸੀ ਮੁਲਾਕਾਤਾਂ ਬਹੁਤ ਜਰੂਰੀ ਹਨ।

**-ਸੁਖਦੀਪ ਸਿੰਘ ਮੀਕੇ**

# ਖ਼ਾਲਸਾ ਪੰਥ ਅਤੇ ਦੇਸ਼ ਪੰਜਾਬ ਦੇ ਦੋਖੀ ਬਾਦਲ ਨੂੰ, ਦੇਵਤਾ ਬਣਾ ਰਹੀ ਹੈ ਬਾਦਲ ਸੈਨਾ:ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ:ਫ਼ਖਰ-ਏ-ਕੌਮ ਨਹੀਂ, ਗ਼ਦਾਰ-ਏ-ਕੌਮ ਸੀ ਬਾਦਲ:ਰਣਜੀਤ ਸਿੰਘ

ਅੰਮ੍ਰਿਤਸਰ: ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਅਸੀਂ ਆਪਣੀ ਕੌਮ ਦੇ ਨਾਇਕਾਂ ਅਤੇ ਖਲਨਾਇਕਾਂ ਤੋਂ ਚੰਗੀ ਤਰਾਂ ਜਾਣੂੰ ਹਾਂ ਅਤੇ ਪੰਥ ਨਾਲ ਵੈਰ ਕਮਾਉਣ ਵਾਲਿਆਂ ਨੂੰ ਇਤਿਹਾਸ ਕਦੇ ਨਹੀਂ ਬਖ਼ਸ਼ੇਗਾ। ਖ਼ਾਲਸਾ ਪੰਥ ਅਤੇ ਦੇਸ਼ ਪੰਜਾਬ ਦੇ ਸਭ ਤੋਂ ਵੱਡੇ ਗ਼ਦਾਰ, ਦੋਖੀ ਅਤੇ ਦੁਸ਼ਮਣ ਪ੍ਰਕਾਸ਼ ਸਿੰਘ ਬਾਦਲ ਨੂੰ ਬਾਦਲ ਸੈਨਾ ਉਸ ਦੀ ਮੌਤ ਮਗਰੋਂ ਮਹਾਨ ਦੇਵਤਾ ਬਣਾ ਕੇ ਪੇਸ਼ ਕਰ ਰਹੀ ਹੈ ਪਰ ਖ਼ਾਲਸਾ ਪੰਥ ਲਈ ਨਾ ਤਾਂ ਬਾਦਲ ਮਹਾਨ ਹਸਤੀ ਸੀ, ਨਾ ਬਾਬਾ ਬੋਹੜ, ਨਾ ਹੀ ਫ਼ਖਰ-ਏ-ਕੌਮ ਤੇ ਨਾ ਪੰਥ ਰਤਨ ਅਤੇ ਨਾ ਹੀ ਉਹ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਜਾਂ ਸਰਪ੍ਰਸਤ ਸੀ। ਉਹ ਬਾਦਲ ਦਲ, ਬਾਦਲ ਸੈਨਾ, ਬਾਦਲ ਜੁੰਡਲੀ ਜਾਂ ਬਾਦਲ ਕੰਪਨੀ ਦਾ ਪ੍ਰਧਾਨ ਜ਼ਰੂਰ ਹੋ ਸਕਦਾ ਹੈ। ਉਹਨਾਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਪ੍ਰਕਾਸ਼ ਸਿੰਘ ਬਾਦਲ ਦੇ ਸਤਾਏ ਸਿੱਖ ਹਾਲਾਂਕਿ ਬੇਹੱਦ ਸੰਜਮ ਨਾਲ ਆਪਣੀ ਗੱਲ ਰੱਖ ਰਹੇ ਨੇ ਪਰ ਬਾਦਲ ਸੈਨਾ ਬੇਹੱਦ ਨੀਚਤਾ ਵਿਖਾ ਰਹੀ ਹੈ। ਬਾਦਲ ਸੈਨਾ ਅਤੇ ਆਰ ਐਸ ਐਸ ਵਾਲੇ ਬਾਦਲ ਨੂੰ ਦੇਵਤਾ ਬਣਾ ਕੇ ਪੇਸ਼ ਕਰ ਰਹੇ ਨੇ। ਹਿੰਦੂ ਕੱਟੜਵਾਦ ਨੂੰ ਬਾਦਲ ਵਿੱਚ ਪੂਰੀ ਆਸਥਾ ਰਹੀ ਹੈ, ਹੁਣ ਵੀ ਭਗਵੇ ਬ੍ਰਿਗੇਡ ਨੂੰ ਬਾਦਲ ਦੇ ਮਰਨ ਦਾ ਝੋਰਾ ਸਤਾ ਰਿਹਾ ਹੈ। ਉਹਨਾਂ ਕਿਹਾ ਕਿ ਬਾਦਲ ਨੇ ਬੜੀ ਸੂਖਮਤਾ ਤੇ ਸਫਾਈ ਨਾਲ ਸਿੱਖੀ ਅਤੇ ਸਿੱਖ ਹਿੱਤਾਂ ਦੇ ਖਿਲਾਫ ਭੁਗਤ ਕੇ ਭਾਰਤ ਦੇ ਹਿੰਦੂਤਵੀ ਹਿੱਤਾਂ ਦਾ ਪੱਖ ਪੂਰਿਆ ਜਿਸ ਕਰਕੇ ਜਿਹੜੇ ਲੋਕ ਸਿੱਖੀ ਅਤੇ ਸਿੱਖਾਂ ਦੇ ਦੁਸ਼ਮਣ ਨੇ ਉਹਨਾਂ ਨੂੰ ਹਰ ਮੌਕੇ ਇਹੀ ਫਿਕਰ ਰਹਿੰਦਾ ਸੀ ਕਿ ਕਿਤੇ ਬਾਦਲ ਸਿਆਸਤ ਵਿੱਚੋਂ ਅਪ੍ਰੰਸਗਕ ਨਾ ਹੋ ਜਾਵੇ, ਇਸ ਕਰਕੇ ਹਰ ਚੋਣ ਜਿਤਾਉਣ ਅਤੇ ਬਾਦਲ ਨੂੰ ਸਿਆਸਤ ਵਿੱਚ ਇੱਕ ਮੁੱਖ ਸਖਸ਼ੀਅਤ ਵਜੋਂ ਕਾਇਮ ਦਾਇਮ ਰੱਖਣਾ ਉਹਨਾਂ ਸਾਰੀਆਂ ਧਿਰਾਂ, ਤਾਕਤਾਂ ਅਤੇ ਸਖਸ਼ੀਅਤਾਂ ਦੀ ਲੋੜ ਬਣਿਆ ਰਿਹਾ ਜਿਹੜੇ ਪੰਥ ਦਾ ਨਾਮੋ-ਨਿਸ਼ਾਨ ਮਿਟਾ ਦੇਣ ਦਾ ਅਹਿਦ ਕਰੀ ਬੈਠੇ ਨੇ। ਉਹਨਾਂ ਕਿਹਾ ਕਿ ਬਾਦਲ ਸੈਨਾ ਫਖਰ ਕਰ ਸਕਦੀ ਹੈ ਕਿ ਬਾਦਲ ਐਨੀਆਂ ਚੋਣਾ ਜਿੱਤਿਆ, ਪੰਜ ਵਾਰ ਮੁੱਖ ਮੰਤਰੀ ਬਣਿਆ ਪਰ ਉਨਾ ਨੂੰ ਕਦੇ ਸਮਝ ਨਹੀ ਆਉਣੀ ਕਿ ਬਾਦਲ ਨੇ ਇਸ ਸਭ ਕੁਝ ਬਦਲੇ ਸਿੱਖੀ ਅਤੇ ਸਿੱਖੀ ਦਾ ਕੀ ਕੁਝ ਤਬਾਹ ਕਰ ਦਿੱਤਾ। ਸਾਰਾ ਮੁਲਕ, ਸਾਰਾ ਮੀਡੀਆ ਬਾਦਲ-ਬਾਦਲ ਕਰ ਰਿਹਾ ਹੈ, ਲੋਕਾਂ ਨੂੰ ਲੱਗਦਾ ਕਿ ਸਾਰਾ ਭਾਰਤ ਬਾਦਲ ਦੀ ਕਦਰ ਕਰ ਰਿਹਾ ਪਰ ਸਾਡੇ ਖਿਆਲ ਅਨੁਸਾਰ ਜੋ ਕੁਝ ਬਾਦਲ ਨੇ ਭਾਰਤ ਲਈ ਕੀਤਾ ਹੈ, ਆਪਣੀ ਕੌਮ ਨਾਲ ਧ੍ਰੋਹ ਕਮਾਇਆ ਹੈ, ਹਕੂਮਤ ਨੇ ਓਨੀ ਕਦਰ ਨਹੀਂ ਪਾਈ। ਇਹ ਬੱਲੇ ਬੱਲੇ,ਇਹ ਚਰਚਾ ਚੰਦ ਦਿਨਾਂ ਦੀ ਗੱਲ ਹੈ ਪਰ ਜੋ ਬਾਦਲ ਨੇ ਭਾਰਤ ਨੂੰ ਦਿੱਤਾ, ਉਹ ਸਦੀਆਂ ਤੱਕ ਦੀ ਗੱਲ ਹੈ ਜੋ ਇਸ ਬਦਲੇ ਖ਼ਾਲਸਾ ਪੰਥ ਦਾ ਨੁਕਸਾਨ ਕੀਤਾ, ਉਹ ਸਦੀਆਂ ਤੱਕ ਵੀ ਪੂਰਾ ਨਹੀਂ ਹੋਣਾ।




SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711



FARM MORTGAGE SPECIALIST

Please Call:

SARBJIT DUBB, AMP

Mortgage Consultant

604-780-4497

Verico A.K. Mortgage Plus Inc.

AK Mortgage Professional Mortgage Consultants Plus

A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca

*Rates are subject to change. O.A.C. Some Conditions Apply. VERICO A.K. MORTGAGE PLUS INC

5 YEAR FIXED

4.84 %*

Foreclosure?, we can help.

QUICK & EASY APPROVALS




# ਕੈਨੇਡਾ ਵਿਚ ਚੋਰੀਆਂ ਦੇ ਧੰਧੇ ‘ਚ ਸ਼ਾਮਲ ਵਿਅਕਤੀਆਂ ਨੇ ਪੰਜਾਬੀਆਂ ਦੇ ਅਕਸ ਨੂੰ ਢਾਹ ਲਾਈ

ਇੱਕ ਪਾਸੇ ਪੰਜਾਬੀ ਕੈਨੇਡਾ ਦੀ ਫੈਡਰਲ ਅਤੇ ਸੂਬਿਆਂ ਦੀਆਂ ਸਰਕਾਰਾਂ ਵਿੱਚ ਮੰਤਰੀਆਂ ਦੇ ਅਹੁਦੇ ਪ੍ਰਾਪਤ ਕਰਕੇ ਸਫਲਤਾ ਦੇ ਝੰਡੇ ਗੱਡ ਰਹੇ ਹਨ, ਦੂਜੇ ਪਾਸੇ ਕੁਝ ਕਾਲੀਆਂ ਭੇਡਾਂ ਵਹੀਕਲ ਚੋਰੀਆਂ, ਨਸ਼ਿਆਂ ਅਤੇ ਗ਼ੈਰ ਸਮਾਜੀ ਕਾਰਵਾਈਆਂ ਕਰਕੇ ਬਦਨਾਮੀ ਖੱਟ ਰਹੇ ਹਨ। ਇਸ ਤੋਂ ਇਲਾਵਾ ਕੁਝ ਪੰਜਾਬੀ ਬਾਗਾਂ, ਖੇਤੀਬਾੜੀ, ਟਰਾਂਸਪੋਰਟ, ਹੋਟਲ ਕਾਰੋਬਾਰ ਅਤੇ ਆਈ.ਟੀ.ਦੇ ਖੇਤਰ ਵਿੱਚ ਮੱਲਾਂ ਮਾਰ ਰਹੇ ਹਨ। ਪੰਜਾਬੀਆਂ ਨੇ ਕੈਨੇਡਾ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਵਿੱਚ ਵੱਡਾ ਯੋਗਦਾਨ ਪਾਇਆ ਹੈ। ਗ਼ੈਰ ਕਾਨੂੰਨੀ ਕਾਰਵਾਈਆਂ ਕਰਨ ਵਾਲੇ ਮੁੱਠੀ ਭਰ ਪੰਜਾਬੀ ਨਾਮਣਾ ਖੱਟਣ ਵਾਲੇ ਪੰਜਾਬੀਆਂ ਦੀ ਸਫਲਤਾ ‘ਤੇ ਸਵਾਲੀਆ ਚਿੰਨ੍ਹ ਲਗਾਉਣ ਦੀ ਕਸਰ ਨਹੀਂ ਛੱਡ ਰਹੇ। ਜੇਕਰ ਪੰਜਾਬੀਆਂ ਨੂੰ ਬਦਨਾਮ ਕਰਨ ਵਾਲੇ ਸ਼ਰਾਰਤੀ ਅਨਸਰ ਆਪਣੀਆਂ ਕਾਰਵਾਈਆਂ ਤੋਂ ਬਾਜ ਨਾ ਆਏ ਤਾਂ ਹੋ ਸਕਦਾ ਭਵਿਖ ਵਿੱਚ ਪੰਜਾਬੀਆਂ ਨੂੰ ਕੈਨੇਡਾ ਵਿੱਚ ਸ਼ੱਕ ਦੀ ਨਿਗਾਹ ਨਾਲ ਵੇਖਿਆ ਜਾਣ ਲੱਗ ਪਵੇ। ਪੰਜਾਬ ਦੀ ਨੌਜਵਾਨੀ ਪਿਛਲੇ 20 ਸਾਲਾਂ ਤੋਂ ਆਪਣੇ ਸੁਨਹਿਰੇ ਭਵਿਖ ਦੇ ਸਪਨੇ ਸਿਰਜ ਕੇ ਵਹੀਰਾਂ ਘੱਤ ਕੇ ਪਰਵਾਸ ਵਿੱਚ ਪੜ੍ਹਾਈ ਅਤੇ ਰੋਜ਼ਗਾਰ ਲਈ ਜਾ ਰਹੀ ਹੈ। ਇਕੱਲੇ ਕੈਨੇਡਾ ਵਿੱਚ ਹਰ ਸਾਲ ਲਗਪਗ ਇਕ ਲੱਖ ਵਿਦਿਆਰਥੀ ਪੜ੍ਹਾਈ ਲਈ ਜਾਂਦੇ ਹਨ। ਪੜ੍ਹਾਈ ਤਾਂ ਉਨ੍ਹਾਂ ਦਾ ਬਹਾਨਾ ਹੁੰਦੀ ਹੈ, ਅਸਲ ਵਿੱਚ ਉਹ ਕੈਨੇਡਾ ਵਿੱਚ ਸੈਟਲ ਹੋਣ ਲਈ ਜਾਂਦੇ ਹਨ। ਇਸ ਤੋਂ ਇਲਾਵਾ ਕੈਨੇਡਾ ਸਰਕਾਰ ਵੱਲੋਂ ਵਰਕ ਪਰਮਿਟ ਦੀ ਸਹੂਲਤ ਦੇ ਨਿਯਮਾਂ ਵਿੱਚ ਢਿਲ ਦੇਣ ਕਰਕੇ ਹੋਰ ਬਹੁਤ ਸਾਰੇ ਪੰਜਾਬੀ ਕੈਨੇਡਾ ਨੂੰ ਜਾ ਰਹੇ ਹਨ। 2021ਦੀ ਜਨਗਣਨਾ ਅਨੁਸਾਰ ਕੈਨੇਡਾ ਵਿੱਚ 10 ਲੱਖ ਪੰਜਾਬੀ ਆਪਣੇ ਕਾਰੋਬਾਰ ਕਰ ਰਹੇ ਹਨ। ਜਦੋਂ ਵਿਦਿਆਰਥੀਆਂ ਦੇ ਪੜ੍ਹਾਈ ਲਈ ਵੀਜੇ ਲਗਦੇ ਹਨ ਤਾਂ ਪਰਿਵਾਰ ਜਸ਼ਨ ਮਨਾਉਂਦੇ ਹਨ। ਪ੍ਰੰਤੂ ਪਿਛਲੇ ਕਈ ਸਾਲਾਂ ਤੋਂ ਕੈਨੇਡਾ ਵਿੱਚੋਂ ਖ਼ਬਰਾਂ ਆ ਰਹੀਆਂ ਹਨ ਕਿ ਵਿਦਿਆਰਥੀ ਹੁਲੜਬਾਜੀਆਂ ਕਰਦੇ ਹਨ। ਉਥੋਂ ਦੇ ਕਾਨੂੰਨਾਂ ਦੀਆਂ ਉਲੰਘਣਾਵਾਂ ਕਰਦੇ ਹਨ। ਇਸ ਤੋਂ ਵਧੇਰੇ ਚਿੰਤਾਜਨਕ ਗੱਲ ਹੈ ਕਿ ਟਰਾਂਟੋ ਪੁਲਿਸ ਨੇ ਗੱਡੀਆਂ ਦੀਆਂ ਚੋਰੀਆਂ ਦੀ ਪੜਤਾਲ ਕਰਵਾਉਣ ਲਈ ਨਜ਼ਦੀਕ ਦੇ ਸ਼ਹਿਰਾਂ ਨਾਲ ਇਕ ਸਾਂਝੀ ਪੜਤਾਲ ਕਮੇਟੀ ਬਣਾਈ ਗਈ। ਇਸ ਪ੍ਰਾਜੈਕਟ ਦਾ ਨਾਮ ‘ਪ੍ਰੋਜੈਕਟ ਸਟੈਲੀਓਨ’ ਰੱਖਿਆ ਗਿਆ। ਇਹ ਪੜਤਾਲ ਨਵੰਬਰ 2022 ਵਿੱਚ ਸ਼ੁਰੂ ਕੀਤੀ ਗਈ ਸੀ। ਜਦੋਂ ਪੁਲਿਸ ਕੋਲ ਸਾਰੇ ਸਬੂਤ ਆ ਗਏ ਤਾਂ ਪੜਤਾਲ ਮੁਕੰਮਲ ਕਰਨ ਤੋਂ ਬਾਅਦ ਟਰਾਂਟੋ ਪੁਲਿਸ ਨੇ ਦੱਸਿਆ ਹੈ ਕਿ ਉਨ੍ਹਾਂ ਗੱਡੀਆਂ ਦੇ 119 ਚੋਰ ਗ੍ਰਿਫ਼ਤਾਰ ਕੀਤੇ ਹਨ, ਜਿਨ੍ਹਾਂ ਕੋਲੋਂ 27 ਮਿਲੀਅਨ ਡਾਲਰ ਦੀ ਕੀਮਤ ਦੀਆਂ 556 ਚੋਰੀ ਦੀਆਂ ਗੱਡੀਆਂ ਬਰਾਮਦ ਕੀਤੀਆਂ ਹਨ। ਇਨ੍ਹਾਂ 119 ਵਿਅਕਤੀਆਂ ਨੂੰ 314 ਚਾਰਜ ਕੀਤਾ ਗਿਆ ਹੈ। ਪੰਜਾਬੀਆਂ ਲਈ ਸ਼ਰਮ ਦੀ ਗੱਲ ਹੈ ਕਿ ਇਨ੍ਹਾਂ ਗ੍ਰਿਫ਼ਤਾਰ ਕੀਤੇ ਗਏ 119 ਵਿਅਕਤੀਆਂ ਵਿੱਚ 60-70 ਪੰਜਾਬੀ ਸ਼ਾਮਲ ਹਨ। ਇਹ ਵਿਅਕਤੀ ਪੜ੍ਹੇ ਲਿਖੇ ਤਕਨੀਕੀ ਮਾਹਿਰ ਹਨ, ਜਿਹੜੇ ਗੱਡੀਆਂ ਚੋਰੀ ਕਰਨ ਲਈ ਬਹੁਤ ਹੀ ਆਧੁਨਿਕ ਢੰਗ ਦੀ ਤਕਨੀਕ ਵਰਤਦੇ ਸਨ। ਇਨ੍ਹਾਂ ਬਰਾਮਦ ਕੀਤੀਆਂ ਗੱਡੀਆਂ ਵਿੱਚ ਹਾਂਡਾ ਸੀ.ਆਰ.-ਵੀ.ਐਸ. ਅਤੇ ਫੋਰਡ ਐਫ਼-150 ਟਰੱਕ ਵੀ ਸ਼ਾਮਲ ਹਨ। ਉਹ ਇਨ੍ਹਾਂ ਗੱਡੀਆਂ ਨੂੰ ਚੋਰੀ ਕਰਕੇ ਸਮੁੰਦਰੀ ਰਸਤੇ ਵਿਦੇਸ਼ਾਂ ਵਿੱਚ ਭੇਜ ਕੇ ਲਗਪਗ ਦੁਗਣੀ ਕੀਮਤ ‘ਤੇ ਵੇਚ ਦੇ ਸਨ। 100 ਤੋਂ ਵੱਧ ਗੱਡੀਆਂ ਉਹ ਵੀ ਪਕੜੀਆਂ ਗਈਆਂ ਹਨ, ਜਿਹੜੀਆਂ ਬਾਹਰ ਭੇਜਣ ਦੀ ਤਿਆਰੀ ਵਿੱਚ ਸਨ। ਸਮੁੱਚੇ ਕੈਨੇਡਾ ਵਿੱਚ ਵਹੀਕਲ ਚੋਰੀਆਂ ਦੇ ਕੇਸ ਬਹੁਤ ਜ਼ਿਆਦਾ ਗਿਣਤੀ ਵਿੱਚ ਵਧ ਰਹੇ ਹਨ। ਇਕੱਲੇ ਮੌਂਟਰੀਅਲ ਵਿੱਚ 2022 ਵਿੱਚ 9591 ਵਹੀਕਲ ਚੋਰੀ ਹੋਈਆਂ ਸਨ। ‘ਇੰਸ਼ੋਰੈਂਸ ਬੋਰਡ ਆਫ਼ ਕੈਨੇਡਾ’ ਅਨੁਸਾਰ 2018 ਵਿੱਚ ਚੋਰੀ ਹੋਈਆਂ ਗੱਡੀਆਂ ਦੇ ਮਾਲਕਾਂ ਨੂੰ 111 ਮਿਲੀਅਨ ਡਾਲਰ ਮੁਆਵਜਾ ਦਿੱਤਾ ਗਿਆ ਸੀ ਜਦੋਂ ਕਿ 2022 ਦੇ ਪਹਿਲੇ 9 ਮਹੀਨਿਆਂ ਵਿੱਚ 269 ਮਿਲੀਅਨ ਡਾਲਰ ਮੁਆਵਜ਼ਾ ਦਿੱਤਾ ਜਾ ਚੁੱਕਾ ਹੈ। ਕਰੋਨਾ ਦੌਰਾਨ ਕਾਰੋਬਾਰਾਂ ਦੇ ਠੱਪ ਹੋਣ ਕਰਕੇ ਚੋਰੀ ਦੀਆਂ ਵਾਰਦਾਤਾਂ ਵਿੱਚ ਵਾਧਾ ਹੋਇਆ ਹੈ। ਚੋਰੀ ਦੀਆਂ ਗੱਡੀਆਂ ਸਮੁੰਦਰੀ ਰਸਤੇ ਮਿਡਲ ਈਸਟ ਨੂੰ ਭੇਜੀਆਂ ਜਾਂਦੀਆਂ ਹਨ। ਕੈਨੇਡਾ ਬਾਰਡਰ ਸਰਵਿਸਜ਼ ਏਜੰਸੀ ਸਮੁੰਦਰੀ ਪੋਰਟਾਂ ਰਾਹੀਂ ਭੇਜੀਆਂ ਜਾਣ ਵਾਲੀਆਂ ਸਾਰੀਆਂ ਗ਼ੈਰ ਕਾਨੂੰਨੀ ਕਾਰਵਾਈਆਂ ਦੀ ਨਿਗਰਾਨੀ ਕਰਦੀ ਹੈ। ਕੈਨੇਡਾ ਦੇ ਕਾਨੂੰਨ ਬੜੇ ਭੋਲੇ ਭਾਲੇ ਲੋਕਾਂ ਵਰਗੇ ਹਨ। ਜਦੋਂ ਕੋਈ ਚੋਰੀ ਕੀਤੀ ਵਸਤੂ ਜਾਂ ਗੱਡੀ ਕਨਟੇਨਰ ਵਿੱਚ ਪਹੁੰਚ ਜਾਂਦੀ ਹੈ ਤਾਂ ਪੁਲਿਸ ਉਸ ‘ਤੇ ਕੋਈ ਕਾਰਵਾਈ ਨਹੀਂ ਕਰ ਸਕਦੀ। ਕੈਨੇਡਾ ਵਿੱਚ ਸਭ ਤੋਂ ਵੱਧ ਚੋਰੀਆਂ ਟਰਾਂਟੋ ਅਤੇ ਉਸ ਦੇ ਆਲੇ ਦੁਆਲੇ ਅਤੇ ਸਮੁੰਦਰੀ ਪੋਰਟਾਂ ਦੇ ਨਜ਼ਦੀਕ ਦੇ ਇਲਾਕਿਆਂ ਵਿੱਚੋਂ ਕਰਦੇ ਹਨ। ਕਿਉਂਕਿ ਤੁਰੰਤ ਚੋਰ ਇਨ੍ਹਾਂ ਗੱਡੀਆਂ ਨੂੰ ਕਨਟੇਨਰਾਂ ਵਿੱਚ ਵਾੜ ਦਿੰਦੇ ਹਨ। ਇਕੱਲੇ ਮੌਂਟਰੀਅਲ ਦੀ ਪੋਰਟ 30 ਕਿਲੋਮੀਟਰ ਦੇ ਇਲਾਕੇ ਵਿੱਚ ਹੈ, ਜਿਥੋਂ ਹਰ ਸਾਲ 1.5 ਮਿਲੀਅਨ ਕਨਟੇਨਰ ਜਾਂਦੇ ਹਨ। ਹੈਰਾਨੀ ਦੀ ਗੱਲ ਹੈ ਕਿ ਇਹ ਕਨਟੇਨਰ ਚੋਰੀ ਦੀਆਂ ਗੱਡੀਆਂ ਮਿਡਲ ਈਸਟ, ਪਾਕਿਸਤਾਨ, ਘਾਨਾ, ਇਟਲੀ ਅਤੇ ਨਾਈਜੇਰੀਆ ਆਦਿ ਦੇਸ਼ਾਂ ਵਿੱਚ ਲਿਜਾਕੇ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਇਹ ਗੱਡੀਆਂ ਵੇਚਦੇ ਹਨ। ਕਿਸੇ ਸਮੇਂ ਪੰਜਾਬੀਆਂ ਨੇ ਕੈਨੇਡਾ ਵਿੱਚ ਜਾ ਕੇ ਉਥੇ ਲੱਕੜ ਦੇ ਆਰਿਆਂ ਵਿੱਚ ਕੰਮ ਕਰਕੇ ਕੈਨੇਡਾ ਦੀ ਆਰਥਿਕਤਾ ਨੂੰ ਹੁਲਾਰਾ ਦਿੱਤਾ ਸੀ ਅਤੇ ਆਪਣੇ ਪਰਿਵਾਰ ਪਾਲੇ ਸਨ। ਉਨ੍ਹਾਂ ਵਿੱਚੋਂ ਬਹੁਤ ਸਾਰੇ ਪੰਜਾਬੀਆਂ ਨੇ ਆਪਣੇ ਕਾਰੋਬਾਰ ਸ਼ੁਰੂ ਕਰਕੇ ਨਾਮਣਾ ਖੱਟਿਆ ਸੀ। ਪ੍ਰੰਤੂ ਦੁੱਖ ਦੀ ਗੱਲ ਹੈ ਕਿ ਅੱਜ ਦਿਨ ਕੁਝ ਕੁ ਕਾਲੀਆਂ ਭੇਡਾਂ ਸਮੁੱਚੇ ਪੰਜਾਬੀਆਂ ਦਾ ਕੈਨੇਡਾ ਵਿੱਚ ਨਾਮ ਬਦਨਾਮ ਕਰ ਰਹੀਆਂ ਹਨ। ਪਿਛਲੇ ਕਈ ਸਾਲਾਂ ਤੋਂ ਪੰਜਾਬੀ ਨੌਜਵਾਨੀ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕੀ ਹੈ। ਇਸ ਹਾਲਤ ਵਿੱਚੋਂ ਨਿਕਲਣ ਦੀ ਕੋਈ ਆਸ ਵੀ ਬੱਝ ਨਹੀਂ ਰਹੀ। ਇਸ ਲਈ ਮਾਪਿਆਂ ਨੇ ਆਪਣੇ ਜਿਗਰ ਦੇ ਟੁਕੜੇ ਬੱਚਿਆਂ ਦੇ ਭਵਿਖ ਨੂੰ ਬਚਾਉਣ ਲਈ ਉਨ੍ਹਾਂ ਨੂੰ ਪਰਵਾਸ ਵਿੱਚ ਪੜ੍ਹਾਈ ਦੇ ਬਹਾਨੇ ਕੈਨੇਡਾ, ਅਮਰੀਕਾ, ਆਸਟਰੇਲੀਆ, ਨਿਊਜੀਲੈਂਡ ਆਦਿ ਦੇਸ਼ਾਂ ਵਿੱਚ ਭੇਜਣਾ ਸ਼ੁਰੂ ਕਰ ਦਿੱਤਾ ਸੀ। ਇਥੋਂ ਤੱਕ ਕਿ ਖਾਂਦੇ ਪੀਂਦੇ ਸਮਰੱਥ ਪਰਿਵਾਰ ਵੀ ਆਪਣੇ ਬੱਚਿਆਂ ਨੂੰ ਬਾਹਰ ਭੇਜਣ ਲੱਗ ਪਏ ਹਨ। ਪ੍ਰੰਤੂ ਪਰਨਾਲਾ ਉਥੇ ਦਾ ਉਥੇ ਵੀ ਉਹੋ ਹੈ। ਜਿਹੜਾ ਲਾਹੌਰ ਬੁੱਧੂ ਉਹ ਪਿਸ਼ੌਰ ਬੁੱਧੂ ਦੀ ਕਹਾਵਤ ਅਨੁਸਾਰ ਚਲਦੇ ਹਨ। ਪਿਆਰੇ ਨੌਜਵਾਨੋ/ਵਿਦਿਆਰਥੀਓ/ਪੰਜਾਬੀਓ ਪੰਜਾਬ ਦੀ ਮਿੱਟੀ ਦੀ ਮਹਿਕ ਨੂੰ ਦਾਗ਼ ਨਾ ਲਗਾਓ। ਗੁਰੂਆਂ ਪੀਰਾਂ ਦੀ ਪਵਿਤਰ ਧਰਤੀ ਦੇ ਜਾਇਓ ਪਰਵਾਸ ਵਿੱਚ ਜਾ ਕੇ ਪੰਜਾਬੀਅਤ ਦਾ ਝੰਡਾ ਬਰਦਾਰ ਬਣਨ ਦੀ ਥਾਂ ਉਨ੍ਹਾਂ ਦੇ ਅਕਸ ਦਾਗ਼ਦਾਰ ਨਾ ਕਰੋ। ਕੁਝ ਸਾਲ ਪਹਿਲਾਂ ਕੈਨੇਡਾ ਵਿੱਚ ਪੰਜਾਬੀਆਂ ਦੀਆਂ ਨਸ਼ਿਆਂ ਦੇ ਵਿਓਪਾਰ ਨਾਲ ਸੰਬਧਤ ਖ਼ਬਰਾਂ ਨੇ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਸੀ। ਜਿਹੜੇ ਪੰਜਾਬੀ ਪਿਛਲੇ ਲੰਬੇ ਸਮੇਂ ਤੋਂ ਕੈਨੇਡਾ ਵਿਚ ਰਹਿ ਰਹੇ ਹਨ, ਉਨ੍ਹਾਂ ਨੂੰ ਸ਼ਰਮਿੰਦਰੀ ☞


Free Acupuncture & Cupping

MSP Covered Premium Assistance under 10 treatments FREE

| WE TREAT : | ਅਸੀਂ ਇਲਾਜ ਕਰਦੇ ਹਾਂ : |
|---|---|
| • BACK PAIN | • ਪਿੱਠ ਦੀ ਦਰਦ |
| • NECK PAIN | • ਗਰਦਨ ਦੀ ਦਰਦ |
| • HEEL PAIN | • ਅੱਡੀ ਦਾ ਦਰਦ |
| • SHOULDER PAIN | • ਮੋਢਿਆਂ ਦੀ ਦਰਦ |
| • KNEE PAIN | • ਗੋਡਿਆਂ ਦੀ ਦਰਦ |
| • SCIATICA NERVE PAIN | • ਸਕਾਈਟਿਕਾ ਨਰਵ ਦਰਦ |

BEIJING ACUPUNCTURE & TCM CLINIC

☎ 778.385.3346






R.AC LEE SEUNG YEON

9631-136A ST SURREY (ACROSS SURREY MEMORIAL HOSPITAL)

EMAIL: gab9113@gmail.com



TMG LOGISTICS INC.

Need Owner Operators

NOW HIRING

*Vancouver to California *California to Alberta Back Vancouver

*Vancouver to East USA Return

Good Paying Loads



Need Company Drivers

*Single Driver Pay 52cents/mile*

*Team Drivers 32 cents/mile*

FOR MORE INFORMATION CALL AT:


(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਕੈਲੀਫੋਰਨੀਆ 'ਚ ਸਿੱਖ ਮੋਟਰਸਾਈਕਲ ਦੇ ਡਰਾਈਵਰਾਂ ਨੂੰ ਹੈਲਮਟ ਤੋਂ ਛੋਟ ਦੇਣ ਲਈ ਸਟੇਟ ਸੈਨੇਟ 'ਚ ਬਿੱਲ ਪੇਸ਼

ਸੈਕਰਾਮੈਂਟੋ- ਕੈਲੀਫੋਰਨੀਆ 'ਚ ਮੋਟਰਸਾਈਕਲ ਸਵਾਰ ਸਿੱਖਾਂ ਨੂੰ ਹੈਲਮਟ ਤੋਂ ਰਾਹਤ ਦੇਣ ਲਈ ਉਪਰਾਲੇ ਸ਼ੁਰੂ ਹੋ ਗਏ ਹਨ। ਇਸ ਸੰਬੰਧੀ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਖੇ ਸਟੇਟ ਸੈਨੇਟਰ ਬਰਾਇਨ ਡਾਹਲੀ ਨੇ ਸਟੇਟ ਟਰਾਂਸਪੋਰਟੇਸ਼ਨ ਕਮੇਟੀ ਵਿਚ ਸ਼ਭ-847 ਬਿੱਲ ਪੇਸ਼ ਕੀਤਾ ਹੈ। ਇਸ ਲਈ ਬਰਾਇਨ ਡਾਹਲੀ ਨੇ ਕਮੇਟੀ ਸਾਹਮਣੇ ਸ਼ਭ-847 ਬਿੱਲ ਦੀ ਜ਼ਰੂਰਤ ਬਾਰੇ ਆਪਣਾ ਪੱਖ ਪੇਸ਼ ਕੀਤਾ ਅਤੇ ਦੱਸਿਆ ਕਿ ਦਸਤਾਰ ਸਿੱਖਾਂ ਦਾ ਧਾਰਮਿਕ ਚਿੰਨ੍ਹ ਹੈ।ਇਸ ਉਪਰੋਂ ਹੈਲਮਟ ਪਾਉਣਾ ਮੁਮਕਿਨ ਨਹੀਂ ਹੈ। ਉਸ ਨੇ ਦੱਸਿਆ ਕਿ ਸਿੱਖਾਂ ਨੂੰ ਮੋਟਰਸਾਈਕਲ ਚਲਾਉਣ ਦੀ ਆਜ਼ਾਦੀ ਮਿਲਣੀ ਚਾਹੀਦੀ ਹੈ। ਇਹ ਤਾਂ ਹੀ ਮੁਮਕਿਨ ਹੋ ਸਕਦਾ ਹੈ, ਜੇ ਇਸ ਸੰਬੰਧੀ ਇਹ ਬਿੱਲ ਪਾਸ ਕੀਤਾ ਜਾਵੇ। ਇਸ ਮੌਕੇ ਸੈਲਮਾ ਸਿਟੀ ਦੇ ਪਲਾਨਿੰਗ ਕਮਿਸ਼ਨਰ ਮਨਦੀਪ ਸਿੰਘ ਨੇ ਵੀ ਸਿੱਖਾਂ ਦੀ ਪੱਗ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਅਤੇ ਕਮੇਟੀ ਨੂੰ ਅਪੀਲ ਕੀਤੀ ਕਿ ਇਸ ਬਿੱਲ ਨੂੰ ਪਾਸ ਕਰਾਉਣ ਲਈ ਅੱਗੇ ਭੇਜਿਆ ਜਾਵੇ, ਤਾਂਕਿ ਸਿੱਖ ਇਥੇ ਪੱਗ ਬੰਨ੍ਹ ਕੇ ਅਤੇ ਹੈਲਮਟ ਤੋਂ ਬਿਨਾਂ ਮੋਟਰਸਾਈਕਲ ਚਲਾ ਸਕਣ। ਇਸ ਤੋਂ ਇਲਾਵਾ ਕੁੱਝ ਹੋਰ ਸਿੱਖ ਆਗੂਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਸਟੇਟ ਟਰਾਂਸਪੋਰਟੇਸ਼ਨ ਕਮੇਟੀ, ਜਿਨ੍ਹਾਂ ਦੇ ਮੈਂਬਰ ਇਸ ਸੰਬੰਧੀ ਕਾਨੂੰਨ ਦੇ ਮਾਹਰ ਹਨ, ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਕਿਹਾ ਕਿ ਅਸੀਂ ਸਿੱਖਾਂ ਦੇ ਧਾਰਮਿਕ ਚਿੰਨ੍ਹ ਦੀ ਕਦਰ ਕਰਦੇ ਹਾਂ। ਜੇ ਕੈਲੀਫੋਰਨੀਆ ਦੀ ਸਟੇਟ ਸੈਨੇਟ 'ਚ ਇਹ ਬਿੱਲ ਪਾਸ ਹੋ ਜਾਂਦਾ ਹੈ, ਕਾਨੂੰਨ ਦੀ ਸ਼ਕਲ ਅਖਤਿਆਰ ਕਰ ਲੈਂਦਾ ਹੈ, ਤਾਂ ਕੈਲੀਫੋਰਨੀਆ ਦਸਤਾਰ ਸਮੇਤ ਮੋਟਰਸਾਈਕਲ ਚਲਾਉਣ ਵਾਲਾ ਅਮਰੀਕਾ ਦੀ ਪਹਿਲੀ ਸਟੇਟ ਬਣ ਜਾਵੇਗਾ।

## ਬ੍ਰਿਜ ਭੂਸ਼ਣ ਗ੍ਰਿਫ਼ਤਾਰ ਨਾ ਹੋਇਆ ਤਾਂ ਕਰਾਂਗੇ ਅੰਦੋਲਨ:ਟਿਕੈਤ



ਨਵੀਂ ਦਿੱਲੀ:-ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਤੇ ਭਾਜਪਾ ਦੇ ਲੋਕ ਸਭਾ ਮੈਂਬਰ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਿਰੁੱਧ ਇੱਥੇ ਜੰਤਰ-ਮੰਤਰ 'ਤੇ ਪਹਿਲਵਾਨਾਂ ਦਾ ਧਰਨਾ ਅੱਜ 10ਵੇਂ ਦਿਨ ਵੀ ਜਾਰੀ ਰਿਹਾ।ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਪਹਿਲਵਾਨਾਂ ਦੇ ਧਰਨੇ ਵਾਲੀ ਥਾਂ 'ਤੇ ਪੁੱਜੇ।

ਟਿਕੈਤ ਨੇ ਚਿਤਾਵਨੀ ਦਿੱਤੀ ਕਿ ਜੇਕਰ ਬ੍ਰਿਜ ਭੂਸ਼ਣ ਨੂੰ ਗ੍ਰਿਫਤਾਰ ਨਾ ਕੀਤਾ ਗਿਆ ਤਾਂ ਪੂਰੇ ਦੇਸ਼ ਵਿੱਚ ਅੰਦੋਲਨ ਹੋਵੇਗਾ।ਦੇਸ਼ ਵਿੱਚ ਸਰਕਾਰ ਲਈ ਕਾਨੂੰਨ ਵੱਖਰਾ ਹੈ ਜਦੋਂ ਕਿ ਆਮ ਆਦਮੀ ਲਈ ਵੱਖਰਾ ਹੈ। ਇਹ ਸਰਕਾਰ ਸਾਜ਼ਿਸ਼ ਰਚ ਰਹੀ ਹੈ।

☞ ਮਹਿਸੂਸ ਹੋ ਰਹੀ ਹੈ।

ਸੰਸਾਰ ਦੇ ਸਾਰੇ ਦੇਸ਼ਾਂ ਨਾਲੋਂ ਕੈਨੇਡਾ ਵਿੱਚ ਪੰਜਾਬੀ ਜ਼ਿਆਦਾ ਹਨ, ਕਿਉਂਕਿ ਕੈਨੇਡਾ ਦੀਆਂ ਸਰਕਾਰਾਂ ਦੀਆਂ ਨੀਤੀਆਂ ਪੰਜਾਬੀ ਨੂੰ ਉਥੇ ਵਸਣ ਵਿੱਚ ਸਹਾਈ ਹੋ ਰਹੀਆਂ ਹਨ। ਪ੍ਰੰਤੂ ਦੁੱਖ ਦੀ ਗੱਲ ਹੈ ਕਿ ਜਿਹੜੇ ਕੁਝ ਪੰਜਾਬੀਆਂ ਦੇ ਮਾਪੇ ਪੰਜਾਬ ਵਿੱਚ ਆਪ ਬੱਚਿਆਂ ਨੂੰ ਸੰਭਾਲ ਨਹੀਂ ਸਕੇ, ਉਹ ਉਨ੍ਹਾਂ ਨੂੰ ਪਰਵਾਸ ਵਿੱਚ ਭੇਜ ਕੇ ਸੁਧਰ ਜਾਣ ਦੇ ਸਪਨੇ ਸਿਰਜ ਰਹੇ ਹਨ। ਪ੍ਰੰਤੂ ਇਹ ਬਿਗੜੇ ਬੱਚੇ ਸਮੁੱਚੇ ਪੰਜਾਬੀਆਂ ਦੇ ਵਿਵਹਾਰ 'ਤੇ ਸਵਾਲੀਆ ਚਿੰਨ੍ਹ ਲਗਾ ਰਹੇ ਹਨ। ਅਜਿਹੇ ਪਰਿਵਾਰਾਂ ਦੇ ਬੱਚੇ ਬਾਹਰ ਜਾ ਕੇ ਵੀ ਮਿਹਨਤ ਨਹੀਂ ਕਰਨਾ ਚਾਹੁੰਦੇ ਕਿਉਂਕਿ ਉਨ੍ਹਾਂ ਪੰਜਾਬ ਵਿੱਚ ਆਪਣੇ ਮਾਪਿਆਂ ਦੇ ਸਿਰ 'ਤੇ ਮੌਜਾਂ ਮਾਣਦਿਆਂ ਗ਼ੈਰ ਸਮਾਜਿਕ ਗਤੀਵਿਧੀਆਂ ਕੀਤੀਆਂ ਹਨ। ਗੱਡੀਆਂ ਦੀਆਂ ਚੋਰੀਆਂ ਕਰਨ ਲਈ ਪਕੜੇ ਗਏ ਪੰਜਾਬੀਆਂ ਵਿੱਚ ਬਹੁਤੇ ਵਿਦਿਆਰਥੀ ਹਨ, ਜਿਹੜੇ ਪ੍ਰੋਫੈਸ਼ਨਲ ਚੋਰਾਂ ਦੇ ਝਾਂਸੇ ਵਿੱਚ ਆ ਕੇ ਜ਼ਿੰਦਗੀ ਵਿੱਚ ਸਫਲ ਹੋਣ ਲਈ ਸ਼ਾਰਟ ਕੱਟ ਮਾਰਕੇ ਸਫਲਤਾ ਪ੍ਰਾਪਤ ਕਰਨੀ ਚਾਹੁੰਦੇ ਹਨ। ਇਨ੍ਹਾਂ ਵਿਦਿਆਰਥੀਆਂ ਵਿੱਚੋਂ ਕੁਝ ਨੇ ਗੱਡੀਆਂ ਚੋਰੀ ਕਰਨ ਦੀ ਥਾਂ ਗੱਡੀਆਂ ਵਿੱਚੋਂ ਸੌਖੇ ਤਰੀਕੇ ਨਾਲ ਉਨ੍ਹਾਂ ਦੇ ਮਹਿੰਗੇ ਹਿੱਸੇ ਪੁਰਜੇ ਖਾਸ ਤੌਰ 'ਤੇ ਕੈਟਾਲੀਟਿਕ ਕਨਵਰਟਰ ਚੋਰੀ ਕਰਨੇ ਸ਼ੁਰੂ ਕਰ ਦਿੱਤੇਹਨ। ਪੁਲਿਸ ਨੇ ਚੋਰਾਂ ਕੋਲੋਂ ਅਜਿਹੇ 300 ਪੁਰਜੇ ਬਰਾਮਦ ਕੀਤੇ ਹਨ। ਜੇਕਰ ਪੰਜਾਬੀਆਂ ਨੇ ਕੈਨੇਡਾ ਦੇ ਕਾਨੂੰਨਾ ਦੀ ਪਾਲਣਾ ਨਹੀਂ ਕਰਨੀ ਤਾਂ ਉਨ੍ਹਾਂ ਨੂੰ ਉਥੇ ਜਾਣਾ ਹੀ ਨਹੀਂ ਚਾਹੀਦਾ। ਜੇ ਉਥੇ ਜਾਣਾ ਹੈ ਤਾਂ ਉਸ ਦੇਸ਼ ਦੇ ਨਿਯਮਾ ਦੀ ਪਾਲਣਾ ਕਰਨੀ ਪਵੇਗੀ। ਉਨ੍ਹਾਂ ਨੂੰ ਕਿਹੜਾ ਕੈਨੇਡਾ ਸਰਕਾਰ ਆਪ ਸੱਦਾ ਦਿੰਦੀ ਹੈ। ਉਹ ਤਾਂ ਖ਼ੁਦ ਆਪਣੇ ਸੁਨਹਿਰੇ ਭਵਿਖ ਲਈ ਪਰਵਾਸ ਵਿੱਚ ਜਾਂਦੇ ਹਨ ਪ੍ਰੰਤੂ ਜਲਦੀ ਅਮੀਰ ਬਣਨ ਲਈ ਗ਼ੈਰ ਕਾਨੂੰਨੀ ਸਾਧਨਾ ਦੀ ਵਰਤੋਂ ਕਰਕੇ, ਉਹ ਆਪਣਾ ਭਵਿਖ ਖ਼ੁਦ ਗੰਧਲਾ ਕਰ ਲੈਂਦੇ ਹਨ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਕੈਨੇਡਾ ਦੀ ਪੁਲਿਸ ਐਵੇਂ ਨਹੀਂ ਕਿਸੇ ਦੋਸ਼ੀ ਨੂੰ ਪਕੜਦੀ, ਸੂਚਨਾ ਮਿਲਣ ਤੋਂ ਬਾਅਦ ਪੂਰੀ ਨਿਗਾਹ ਰੱਖਦੀ ਹੈ, ਜਦੋਂ ਉਨ੍ਹਾਂ ਕੋਲ ਪੂਰੇ ਸਬੂਤ ਹੁੰਦੇ ਹਨ ਫਿਰ ਉਨ੍ਹਾਂ ਨੂੰ ਪਕੜਦੀ ਹੈ। ਇਨ੍ਹਾਂ ਸਾਰਿਆਂ ਨੂੰ ਪੁਲਿਸ ਨੇ ਚਾਰਜ ਵੀ ਕਰ ਦਿੱਤਾ ਹੈ। ਪੁਲਿਸ ਕੋਲ ਭਾਵੇਂ ਸਬੂਤ ਹੁੰਦੇ ਹਨ ਪ੍ਰੰਤੂ ਜਿਤਨੀ ਦੇਰ ਸਜਾ ਨਹੀਂ ਹੋ ਜਾਂਦੀ, ਉਨ੍ਹਾਂ ਨੂੰ ਸ਼ੱਕੀ ਹੀ ਕਿਹਾ ਜਾਂਦਾ ਹੈ। ਇਹ ਲੋਕ ਆਪਣਾ ਨੁਕਸਾਨ ਤਾਂ ਕਰਨਗੇ ਹੀ ਪ੍ਰੰਤੂ ਜਿਹੜੇ ਪੰਜਾਬੀ ਕੈਨੇਡਾ ਜਾਣਾ ਚਾਹੁੰਦੇ ਹਨ, ਉਨ੍ਹਾਂ ਨੂੰ ਵੀ ਸ਼ੱਕੀ ਨਿਗਾਹ ਨਾਲ ਵੇਖਿਆ ਜਾਵੇਗਾ। ਹੋ ਸਕਦਾ ਕੈਨੇਡਾ ਸਰਕਾਰ ਪਰਵਾਸ ਵਿੱਚ ਸੈਟਲ ਹੋਣ ਲਈ ਕਾਨੂੰਨ ਹੋਰ ਸਖ਼ਤ ਕਰ ਦੇਵੇ।

-ਉਜਾਗਰ ਸਿੰਘ- ਮੋਬਾਈਲ-94178 13072


The Builder's Direct
Experienced & Honest
Bath & Kitchen Fixtures



Wholesale price to public
We carry all major brands
Fireplaces Also Available



Get all kind of Kitchen & Washroom Fixtures at wholesale prices.
Call For Free Estimates
Harjit Sahota: 778-808-2628
604-593-7755
12652-82 Ave, Surrey BC






Punjab TRAVELS



ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400



ਮਨ ਮਨੁੱਖ ਦੀ ਕੁੰਜੀ ਹੈ — Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"
Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

# ਕੀ ਪੰਜਾਬ ਡਰੱਗ ਸਟੇਟ ਹੈ?

ਪੰਜਾਬ ਵਿੱਚ ਨਸ਼ਾ ਲੈਣ ਦੇ ''ਆਦੀ'' 95 ਫੀਸਦੀ ਵਿਅਕਤੀਆਂ ਦਾ ਕਹਿਣਾ ਹੈ ਕਿ ਨਸ਼ਾ ਦੇ ਕਾਰੋਬਾਰ ਵਿੱਚ ਸਿਆਸਤਦਾਨ ਅਤੇ ਪੁਲਿਸ ਦੇ ਕਈ ਅਧਿਕਾਰੀ ਸ਼ਾਮਿਲ ਹਨ। ਇਹ ਖ਼ੁਲਾਸਾ ਇਕ ਸੰਸਥਾ ਵੱਲੋਂ ਕੀਤੇ ਗਏ ਸਰਵੇ ਵਿੱਚ ਕੀਤਾ ਗਿਆ ਹੈ। ਇਸ ਸੰਸਥਾ ਵਿੱਚ ਕਈ ਅਹਿਮ ਹਸਤੀਆਂ ਸ਼ਾਮਿਲ ਹਨ। ਤਿਆਰ ਕੀਤੀ ਰਿਪੋਰਟ ਵਿੱਚ ਇਸ ਗੱਲ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।ਇਸ ਤੌਰ 'ਤੇ ਪੰਜਾਬ ਅਤੇ ਇਸਦੇ ਨਾਲ ਲੱਗਦੇ ਹਰਿਆਣਾ,ਹਿਮਾਚਲ ਪ੍ਰਦੇਸ਼, ਰਾਜਸਥਾਨ ਅਤੇ ਜੰਮ-ਕਸ਼ਮੀਰ ਦੇ ਜ਼ਿਲ੍ਹਿਆਂ ਵਿੱਚ ਡ੍ਰੰਗਜ਼ ਦੇ ਕਾਰੋਬਾਰ ਪਿੱਛੇ ਕਿਹਨਾਂ ਲੋਕਾਂ ਦਾ ਹੱਥ ਹੈ। ਰਿਪੋਰਟ ਮੁਤਾਬਕ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਇਸ ਕਾਰੋਬਾਰ ਨੇ ਜ਼ੋਰ ਫੜਿਆ। ਕੈਪਟਨ ਸਰਕਾਰ ਤੋਂ ਪਹਿਲਾਂ ਅਕਾਲੀ-ਭਾਜਪਾ ਸਰਕਾਰ ਵੇਲੇ ਵੀ ਇਹ ਧੰਦਾ ਚਲਦਾ ਸੀ। ਇਸ ਦੋਸ਼ ਦੇ ਆਧਾਰ 'ਤੇ ਕਈ ਪੁਲਿਸ ਅਧਿਕਾਰੀਆਂ ਨੂੰ ਨੌਕਰੀ ਤੋਂ ਡਿਸਮਿਸ ਵੀ ਕੀਤਾ ਗਿਆ ਹੈ। ਅਕਾਲੀ ਲੀਡਰ ਬਿਕਰਮ ਸਿੰਘ ਮਜੀਠੀਆ ਉਪਰ ਵੀ ਇਸ ਕਾਰੋਬਾਰ ਵਿਚ ਸ਼ਾਮਿਲ ਹੋਣ ਦਾ ਦੋਸ਼ ਹੈ। ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਵਿੱਚ ਉਹਨਾਂ ਦੇ ਖ਼ਿਲਾਫ਼ ਚਲਾਨ ਪੇਸ਼ ਕੀਤਾ ਜਾਣਾ ਹੈ ਭਾਵੇਂ ਕਿ ਮਜੀਠੀਆ ਦੇ ਖ਼ਿਲਾਫ਼ 17 ਮਹੀਨੇ ਪਹਿਲਾਂ ਕੇਸ ਦਰਜ ਕੀਤਾ ਗਿਆ ਸੀ।ਇਹ ਜਾਣਕਾਰੀ ਡਰੱਗਜ਼ ਲੈਣ ਵਾਲੇ 3386 ਲੋਕਾਂ ਵੱਲੋਂ ਕੀਤੇ ਗਏ ਖੁਲਾਸੇ ਵਿੱਚ ਕੀਤੀ ਗਈ ਹੈ। ਵੱਡੀ ਗਿਣਤੀ ਵਿੱਚ ਡਰੱਗਜ਼ ਲੈਣ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਨਸ਼ੀਲੇ ਪਦਾਰਥ ਦਿੱਤੇ ਜਾਂਦੇ ਹਨ।ਇਹਨਾਂ ਦਾ ਤਾਂ ਇਥੋਂ ੱਕ ਕਹਿਣਾ ਹੈ ਕਿ ਕਈ ਲੀਡਰ ਅਤੇ ਪੁਲਿਸ ਦੇ ਅਫਸਰ ਡਰੱਗਜ਼ ਦੇ ਕਾਰੋਬਾਰੀਆਂ ਦੀ ਸਰਪ੍ਰਸਤੀ ਕਰਦੇ ਹਨ। ਸਿਆਸਤਦਾਨ, ਪੁਲਿਸ ਅਧਿਕਾਰੀ ਅਤੇ ਡਰੱਗਜ਼ ਦੀ ਸਮਗਲਿੰਗ ਕਰਨ ਵਾਲੇ ਲੋਕ ਸਿੱਧੇ ਤੌਰ 'ਤੇ ਇਸ ਧੰਦੇ ਵਿੱਚ ਸ਼ਾਮਿਲ ਹਨ। ਇਸ ਸੰਬੰਧੀ ਇਹ ਕਹਿਣ ਵਿੱਚ ਕੋਈ ਸੰਕੋਚ ਨਹੀਂ ਕਿ ਮੀਡੀਆ ਵਿੱਚ ਅਕਸਰ ਇਹ ਮਾਮਲਾ ਉਠਾਇਆ ਜਾਂਦਾ ਰਿਹਾ ਅਤੇ ਹੁਣ ਵੀ ਉਠਾਇਆ ਜਾ ਰਿਹਾਹੈ, ਇਸਦੇ ਬਾਵਜੂਦ ਜੇਕਰ ਇਹ ਸਿਲਸਿਲਾ ਜਾਰੀ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬ ਦੀ ਮੌਜੂਦਾ ਮਾਨ ਸਰਕਾਰ ਅਤੇ ਇਸਤੋਂ ਪਹਿਲਾਂ ਦੀਆਂ ਸਰਕਾਰਾਂ ਨੇ ਇਸ ਕਾਰੋਬਾਰ ਦੇ ਖ਼ਿਲਾਫ਼ ਇਸ ਲਈ ਸਖ਼ਤ ਸਟੈਂਡ ਨਹੀਂ ਲਿਆ ਕਿਉਂਕਿ ਇਹ ਕਾਰੋਬਾਰ ਇਕ ਤਰ੍ਹਾਂ ਨਾਲ ਵਪਾਰ ਬਣ ਗਿਆ ਹੈ । ਕੋਈ ਵਪਾਰੀ ਕਦੀ ਨਹੀਂ ਚਾਹੇਗਾ ਕਿ ਉਸਦੇ ਲਈ ਪੈਸੇ ਦੀ ਆਮਦ ਦਾ ਦਰਵਾਜ਼ਾ ਬੰਦ ਹੋ ਜਾਵੇ। ਇਸ ਤਰ੍ਹਾਂ ਦੇ ਖ਼ੁਲਾਸੇ ਪਹਿਲਾਂ ਵੀ ਕੁਝ ਕਮੇਟੀਆਂ ਦੀ ਜਾਂਚ ਰਿਪੋਰਟ ਵਿੱਚ ਕੀਤੇ ਜਾਂਦੇ ਰਹੇ ਹਨ ਪਰ ਮੌਕੇ ਦੀਆਂ ਸਰਕਾਰਾਂ ਨੇ ਇਹਨਾਂ ਨੂੰ ਇਕ ਤਰ੍ਹਾਂ ਨਾਲ ਫ਼ਰਜ਼ੀ ਕਹਿਕੇ ਨਜ਼ਰ ਅੰਦਾਜ਼ ਕਰ ਦਿੱਤਾ। ਉਸ ਕਾਰੋਬਾਰ ਨੂੰ ਕੋਈ ਵੀ ਸਰਕਾਰ ਜ਼ੇਰੇ-ਗ਼ੌਰ ਨਹੀਂ ਲਿਆਉਂਦੀ ਜਿਸ ਨਾਲ ਉਸਦਾ ਨੁਕਸਾਨ ਹੋਵੇ। ਇੱਕ ਸ਼ਰਾਬੀ ਹੀ ਦਸ ਸਕਦਾ ਹੈ ਕਿ ਸ਼ਰਾਬ ਦਾ ਠੇਕਾ ਕਿਥੇ ਹੈ। ਬਿਲਕੁਲ ਇਸੇ ਤਰ੍ਹਾਂ ਡ੍ਰੱਗਜ਼ ਲੈਣ ਵਾਲੇ ਲੋਕ ਹੀ ਦਸ ਰਹੇ ਹਨ ਕਿ ਡ੍ਰੱਗ ਕਿਥੋਂ ਮਿਲਦੀ ਹੈ ਅਤੇ ਇਹ ਧੰਦਾ ਕੌਣ ਚਲਾਅ ਰਿਹਾ ਹੈ।ਕੁਝ ਨਸ਼ਾ ਛੱਡਣ ਵਾਲੇ ਲੋਕ ਇਸ ਬੁਰਾਈ ਤੋਂ ਤਾਂ ਨਿਜਾਤ ਪਾ ਗਏ ਪਰ ਇਸ ਕਾਰੋਬਾਰ ਨਾਲ ਜੁੜੇ ਲੋਕਾਂ ਨੂੰ ਬੇਨਕਾਬ ਕਰ ਗਏ।ਜੇਕਰ ਸਰਕਾਰਾਂ ਵਿੱਚਲੇ ਲੀਡਰ ਜੇਕਰ ਇਸ ਧੰਦੇ 'ਚ ਸ਼ਾਮਿਲ ਹਨ ਤਾਂ ਹਰ ਕੋਸ਼ਿਸ਼ ਨਾਕਾਮ ਹੈ। ਉਪਰੋਂ ਸਿਤਮ ਇਹ ਕਿ ਜੇ ਪੁਲਿਸ ਦੇ ਕੁਝ ਅਫਸਰ ਸਿਆਸਤਦਾਨਾਂ ਨਾਲ ਇਸ ਮਾਮਲੇ ਵਿੱਚ ਹੱਥ ਮਿਲਾ ਲੈਣਗੇ ਤਾਂ ਇਸ ਕਾਰੋਬਾਰ ਨੂੰ ਕੋਈ ਨਹੀਂ ਰੋਕ ਸਕਦਾ। ਜੇਕਰ ਹਾਲਤ ਇਹ ਹੈ ਤਾਂ ਬਹੁਤ ਜਲਦੀ ਪੰਜਾਬ ''ਡ੍ਰੱਗ ਸਟੇਟ'' ਦੇ ਤੌਰ 'ਤੇ ਜਾਣਿਆ ਜਾਵੇਗਾ।

# ਮਾਂ ਦਾ ਲਾਡਲਾ

ਦੁਖ ਦਾ ਤਾਂ ਹੋਣਾ ਬਣਦਾ, ਛੁਟੀਆਂ ਤਾਂ ਕਰਨੀਆਂ ਬਣਦੀਆਂ, ਝੰਡਾ ਨੀਵਾਂ ਤਾਂ ਹੋਣਾ ਚਾਹੀਦਾ ਸੀ ਆਖਰ ਦਿਲੀ ਵਾਲਿਆਂ ਦਾ ਹੋਣਹਾਰ ਲਾਇਕ ਪੁੱਤ ਮਰਿਆ। ਲੱਕ ਈ ਤੋੜ ਸੁਟਿਆ ਜਾਲਮ ਨੇ ਮਾਂ ਦਾ। ਟੌਪ ਟੈਂਨ ਲਾਡਲਿਆਂ ਵਿਚੋਂ ਬਾਦਲ ਦਾ ਉਡ ਜਾਣਾ ਹਨੇਰਾ ਤਾਂ ਕਰਦਾ।ਇਨਾ ਜਹੀਨ ਆਗਿਆਕਾਰ ਅਤੇ ਲਾਡਲਾ ਪੁਤ ਕਾਹਨੂੰ ਲੱਭਦਾ। ਪ੍ਰਾਪਤੀਆਂ ਤਾਂ ਸਨ ਉਸ ਦੀਆਂ। ਕੋਈ ਸ਼ਕ ਨਾ, ਓ ਈ ਝੂਠ ਨਾ।ਮਾਂ ਦਸੇ ਤਾਂ ਸਹੀਂ ਕਿਥੇ ਗੂੰਠਾ ਲਵਾਓਂਣਾ। ਬਿਜਲੀ ਪਾਣੀ, ਬੰਦੇ, ਬਕਰੇ ਦੱਸੋ ਕਿਸ ਦੀ ਬਲੀ ਦੇਣੀ। ਬੋਲੋ ਤਾਂ ਸਹੀ ਕੀ ਚਾਹੀਦਾ। ਝੂਠੇ ਮੁਕਾਬਲਿਆਂ ਤਕ ਦਸੋ ਕਿਸਨੂੰ ਮਰਵਾਓਂਣਾਂ।ਇਨਾ ਆਗਿਆਕਾਰ ਕਿ ਅਪਣੇ ਹੀ ਰੱਬ ਦਾ ਘਰ ਢਾਹੁਣ ਤਕ ਦੀ ਹੱਦ ਤੱਕ ਚਿੱਠੀਆਂ ਲਿਖੀ ਜਾਂਦਾ ਕਿ ਮਾਂ ਤੇਰੀ ਆਬਰੂ ਨੂੰ ਖਤਰਾ ਐ ਡਾਹ ਦੇਹ ਟੈਂਕ ਤੋਪਾਂ। ਕਰਦੇ ਬਰੂਦਾਂ ਦੀਆਂ ਵਾਛੜਾਂ।ਇਨੇ ਲਾਡਲੇ ਪੁਤ ਦਾ ਪੰਜ ਵਾਰੀ ਮੁਖ ਮੰਤਰੀ ਬਣਨਾ ਦਸੋ ਕਿਹੜਾ ਮੰਗਲ ਤੇ ਰਾਕਟ ਚਾਹੜਨਾ ਸੀ ਜਿਹੜਾ ਲੋਕੀਂ ਇਸੇ 'ਮਹਾਨਤਾ' ਦਾ ਹੀ ਜਨ ਗਨ ਮਨ ਗਾਈ ਜਾ ਰਹੇ ਨੇ। ਤੁਸੀਂ ਦਸਤੇ ਤਾਂ ਬਣੋ ਕੁਹਾੜੇ ਦੇ, ਤੁਸੀਂ ਆਗਿਆਕਾਰ ਹੋਣ ਦਾ ਸਬੂਤ ਤਾਂ ਦਿਓ, ਤੁਸੀਂ ਅਪਣੀ ਧਰਤੀ ਅਪਣੇ ਲੋਕਾਂ ਦੀ ਹਿਕ ਵਿਚ ਖੰਜਰ ਤਾਂ ਖੋਭੋ ਅਗਲੇ ਰਾਸ਼ਟਰਪਤੀ ਤਕ ਬਣਾ ਦੇਣਗੇ ਤੁਸੀਂ ਸਰਪੰਚੀ ਨੂੰ ਰੋਈ ਜਾਨੇ।ਤੁਸੀਂ ਕੁਹਾੜੇ ਨੂੰ ਰੇਤੀ ਤਾਂ ਲਾਓ, ਤਿਖਾ ਤਾਂ ਕਰੋ ਜੇ ਲਥ ਗਿਆ ਕੁਰਸੀ ਤੋਂ ਚਿਮਗਦੜਾਂ ਦਾ ਬਾਬਾ ਬੋਹੜ।ਚੰਦੂ, ਲਖੂ, ਜਸੂ, ਸੁਚਾਨੰਦ ਅਕਬਰ ਦਾ ਬੀਰਬਲ, ਅਕਬਰ ਨੂੰ ਧੀਆਂ ਦੇਣ ਵਾਲੇ ਰਾਜਪੂਤ ਮੁਗਲਾਂ ਦੇ ਰਾਜ ਦੇ ਹਿਸੇਦਾਰ ਨਹੀ ਰਹੇ ਤਾਂ ਦਸੋ। ਕਿੰਨੇ 'ਸਿਆਣੇ' ਅਤੇ ਸਿਆਸਤਦਾਨ ਰਹੇ ਹੋਣਗੇ ਓਹ। ਪਰ ਪਤਾ ਕਿਓਂ?ਕਿਓਂਕਿ ਓਨਾ ਨੂੰ ਖੁਦ ਦੇ ਹੀ ਲੋਕਾਂ ਉਪਰ ਹੋ ਰਹੇ ਜਬਰ ਦੀ ਕੋਈ ਪ੍ਰਵਾਹ ਨਾ ਸੀ। ਓਨਾ ਨੂੰ ਜਰਵਾਣੇ ਵਿਚ ਵੀ ਭਲਾ ਆਦਮੀ ਦਿਸਦਾ ਰਿਹਾ। ਓਨਾ ਦੀਆਂ ਸੋਨੇ ਦੀਆਂ ਲੰਕਾਵਾਂ ਨੇ ਨਿਪੁੰਸਕ ਕਰ ਦਿਤਾ ਓਨਾ ਨੂੰ। ਓਨਾ ਨੂੰ ਕੋਈ ਲੈਣਾ ਦੇਣਾ ਨਾ ਸੀ ਕਿ ਉਸ ਦੇ ਲੋਕ ਜੁਲਮ ਦੀ ਚਕੀ ਹੇਠ ਪਿਸ ਰਹੇ ਨੇ, ਉਸ ਦੇ ਲੋਕਾਂ ਨੂੰ ਹਥਿਆਰ ਰਖਣ ਦੀ, ਘੋੜੇ ਤੇ ਚੜਨ ਦੀ, ਨਗਾਰਾ ਰਖਣ ਦੀ ਮਨਾਹੀ ਹੈ। ਜਗੀਰਦਾਰ ਓਨਾ ਦੇ ਲੋਕਾਂ ਦੇ ਮੂੰਹਾਂ ਵਿਚ ਥੁਕਦੇ ਰਹੇ ਪਰ ਓਹ ਖਮੋਸ਼। ਕਿਓਂਕਿ ਓਹ ਸਿਆਣੇ ਰਾਜਨੀਤਕ ਸਨ। ਓਨਾ ਲਈ ਸਭ ਸ਼ਾਂਤੀ ਸੀ। ਕਿਓਂਕਿ ਓਹ ਮਾਂ ਦੇ ਯਾਣੀ ਹਕੂਮਤ ਦੇ ਲਾਡਲੇ ਸਨ ਅਤੇ ਇਹ ਕੋਈ ਘਟ ਪ੍ਰਾਪਤੀ ਨਾ ਸੀ, ਘਟ ਰਾਜਨੀਤੀ ਦੇ ਬੋਹੜ ਨਾ ਸਨ ਓਹ। ਓਹ ਮੁਗਲਾਂ ਦੇ ਟੀਸੀ ਦੇ ਅਹੁਦਿਆਂ ਉਪਰ ਬਿਰਾਜਮਾਨ ਰਹੇ ਅਤੇ ਖੁਦ ਦੇ ਹੀ ਲੋਕਾਂ ਦੇ ਆਹੂ ਲਾਹੁੰਦੇ ਰਹੇ। ਓਨਾ ਨੂੰ ਅਬਦਾਲੀਆਂ ਨਾਦਰਾਂ ਵਲੋਂ ਲਿਜਾਈਆਂ ਜਾਦੀਆਂ ਕੁੜੀਆਂ ਦੇ ਨਾਂ ਵੈਣ ਸੁਣੇ ਨਾ ਚੀਕਾਂ। ਓਹ ਅੰਨੇ ਅਤੇ ਬੋਲੇ ਹੋਏ ਰਹੇ ਕਿਓਂਕਿ ਓਹ ਸਿਆਣੇ ਸਿਆਸਤਦਾਨ ਸਨ। ਇਨ ਬਿਨ ਇਵੇਂ ਜਿਵੇਂ ਚਮਗਿਦੜਾਂ ਦਾ ਬਾਬਾ ਬੋਹੜ। ਜਿਸ ਨੂੰ ਥਾਣਿਆਂ ਵਿਚ ਰੁਲਦੀ ਨਾ ਸਿੱਖਾਂ ਦੀਆਂ ਕੁੜੀਆਂ ਦੀ ਪਤ ਦਿਸੀ ਨਾ ਰੋਹੀਆਂ ਨਹਿਰਾਂ ਉਪਰ ਮਾਵਾਂ ਦੇ ਮਰਦੇ ਪੁਤਾਂ ਦੀਆਂ ਮਾਵਾਂ ਦੀਆਂ ਆਹਾਂ ਸੁਣੀਆਂ। ਉਲਟਾ ਸੈਣੀ-ਆਲਮ ਵਰਗੇ ਜਰਵਾਣਿਆਂ ਰਾਹੀਂ ਪੂਰੀ ਕੌਮ ਦੀ ਹਿਕ ਤੇ ਮੂੰਜ ਦਲੀ।ਗਾਂਧੀ, ਨਹਿਰੂ ਜਾਂ ਪਟੇਲ ਨੂੰ ਅੰਗਰੇਜਾਂ ਫਾਹੇ ਕਿਓਂ ਨਾ ਲਾ ਦਿਤਾ ਬਲਕਿ ਰਾਜ ਸੌਂਪ ਕੇ ਗਏ ਜਦ ਕਿ ਮੰਗਦੇ ਓਹ ਵੀ ਅਜਾਦੀ ਸਨ ਮੰਗਦੇ ਗਦਰੀ ਬਾਬੇ ਜਾਂ ਭਗਤ ਸਿੰਘ ਹੋਰੀ ਵੀ ਅਜਾਦੀ। ਲਾਡਲਾ ਬਣਕੇ ਰਹੋਂਗੇ ਤਾਂ ਕੁਰਸੀਆਂ ਬਾਗੀ ਬਣੋਗੇ ਤਾਂ ਫਾਹੇ ਅਤੇ ਫਾਸੀਆਂ।ਪੰਜ ਵਾਰੀ ਮੁਖ ਮੰਤਰੀ ਬਣ ਜਾਣਾ ਕੋਈ ਚੰਗਾ ਮਨੁੱਖ ਜਾਂ ਘਾਗ ਸਿਆਸਤਦਾਨ ਹੋਣ ਦਾ ਪੈਮਾਨਾ ਨਹੀ। ਸੰਸਾਰ ਦੇ ਇਤਿਹਾਸ ਵਿਚ ਹਕੂਮਤਾਂ ਦੀਆਂ ਰਖੇਲਾਂ ਇਓਂ ਹੀ ਰਾਜ ਕਰਦੀਆਂ ਰਹੀਆਂ ਨੇ ਅਤੇ ਖੁਦ ਦੇ ਲੋਕਾਂ ਦਾ ਲਹੂ ਪੀਦੀਆਂ ਰਹੀਆਂ ਨੇ। ਜੇ ਇਓਂ ਹੁੰਦਾ ਤਾਂ ਇਤਹਾਸ ਨੇ ਚੰਦੂ ਗੰਗੂ ਸਭ ਭਲੇ ਲੋਕ ਹੀ ਮੰਨ ਲੈਣੇ ਸਨ ਪਰ ਲਾਹਨਤਾ ਦੀ ਬਾਰਸ਼ ਹੁਣ ਤਕ ਹੋਣ ਡਹੀ ਹੈ ਓਨਾ ਉਪਰ।

ਸ਼੍ਰੋਮਣੀ ਕਮੇਟੀ ਦੀਆਂ ਸਾਰੀਆਂ ਲਾਸ਼ਾਂ ਸਮੇਤ ਤੁਹਾਡੇ ਜਥੇਦਾਰਾਂ ਪਰਧਾਨਾ ਦੇ ਓਸ ਮਨੁੱਖ ਦੇ ਕਸੀਦੇ ਪੜ ਰਹੇ ਨਜਰ ਆ ਰਹੇ ਨੇ ਜਿਸ ਨੇ ਪੰਜਾਬ ਨਾਲ ਅਪਣੇ ਲੋਕਾਂ ਨਾਲ ਰਜ ਕੇ ਧ੍ਰੋਹ ਕਮਾਇਆ ਪਰ ਸਾਡੇ ਭੋਲੇ ਲੋਕ ਉਸ ਦੇ ਪੰਜ ਵਾਰੀ ਮੁਖ ਮੰਤਰੀ ਬਣਨ ਨੂੰ ਹੀ ਮਹਾਨ ਦਸੀ ਜਾ ਰਹੇ ਨੇ ਇਹ ਗਲ ਭੁਲ ਕੇ ਕਿ ਉਸ ਦਾ ਕਾਰਣ ਬਾਦਲ ਦਾ ਆਗਿਆਕਾਰ ਲਾਡਲਾ ਹੋਣਾ ਸੀ ਨਾ ਕਿ ਕੋਈ ਅਲਹਿਦਾ ਸਿੰਗ ਲਗੇ ਹੋਣੇ।ਨਹੀ?-ਗੁਰਦੇਵ ਸਿੰਘ ਸੱਧੇਵਾਲੀਆ


AujLawZ Tax & Accounting Services
• Reliable • Professional • Confidential
(we provide first couple of month's service free)
*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India
Courses Started
*Income Tax Preparation *Personal&Small business *Accounting Certificate *Pesticide Applicator * LLQP for Life Insurance Career
Contact: Gurbachan Aujla
604-504-1657, 604-835-3693
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323





ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।
ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ
ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ
ਹੋਰ ਜਾਣਕਾਰੀ ਲਈ ਫੋਨ ਕਰੋ
604-607-0333



ਲਰਨਿੰਗ ਲਾਇਸੈਂਸ
A to Z DRIVING SCHOOL
ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ
- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ
WE DO:
*CITIZENSHIP CLASSES
*NATIONAL SAFETY CODE (NSC) CLASSES
A to Z DRIVING SCHOOL
Lucky: 604-614-5365
Unit 15 - 8388 128 St., Surrey

# GURDWARA DASHMESH PUNJABI SCHOOL

DASMESH PUNJABI SCHOOL

5930 Riverside St, Abbotsford, BC (Matsqui Village)
Email:info@dashmeshschool.ca

# ਸੰਤ ਕਿਰਪਾਲ ਸਿੰਘ ਜੀ ਛੰਨਾ ਵਾਲਿਆਂ ਦੀ

## 82 ਵੀਂ ਬਰਸੀ

**ਗੁਰੂ ਪਿਆਰੇ ਖਾਲਸਾ ਜੀ,**
**ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।।**

ਖੇੜੀ ਚਾਹਲ, ਖੇੜੀ ਖੁਰਦ, ਸ਼ੇਰਪੁਰ, ਸੇਖਾ, ਕਿਸ਼ਨਗੜ੍ਹ ਛੰਨਾ, ਕਾਤਰੋਂ, ਤਾਜਪੁਰ, ਬਰਮੀ, ਬਸਰਾਮ, ਭੈਣੀ ਦੂੜਾ, ਭੈਣੀ ਬੜਿੰਗਾ, ਸੁਖਾਣੇ, ਕਲਸੀਆਂ, ਲੰਮਾਜੱਟਪੁਰਾ, ਘੁਮਾਣ ਅਤੇ ਰਾਏਕੋਟ ਇਲਾਕੇ ਦੀਆਂ ਸਮੂਹ ਸੰਗਤਾਂ ਸੰਤ ਬਾਬਾ ਕ੍ਰਿਪਾਲ ਸਿੰਘ ਜੀ ਛੰਨਾ ਵਾਲਿਆਂ ਦੀ 82ਵੀਂ ਬਰਸੀ ਬੜੀ ਧੂਮਧਾਮ ਨਾਲ ਗੁਰਦੁਆਰਾ ਦਸ਼ਮੇਸ਼ ਪੰਜਾਬੀ ਸਕੂਲ ਐਬਟਸਫੋਰਡ ਵਿਖੇ 5 ਮਈ ਤੋਂ 7 ਮਈ ਤਕ ਮਨਾ ਰਹੀਆਂ ਹਨ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਕੇ ਦਰਬਾਰ ਹਾਜ਼ਰੀਆਂ ਭਰੋ ਜੀ



**ਸੰਤ ਕਿਰਪਾਲ ਸਿੰਘ ਜੀ**

## ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ ............... 5 ਮਈ, 2023 ਦਿਨ ਸ਼ੁਕਰਵਾਰ ਸਵੇਰੇ 9:00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ ........... 7 ਮਈ, 2023 ਦਿਨ ਐਤਵਾਰ ਸਵੇਰੇ 9:00 ਵਜੇ

ਉਪਰੰਤ ਦੀਵਾਨ ਸੱਜਣਗੇ ਪੰਥ ਦੇ ਉਘੇ ਵਿਦਵਾਨ ਸੰਗਤਾਂ ਨੂੰ ਨਿਹਾਲ ਕਰਨਗੇ
ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਹੋਰ ਜਾਣਕਾਰੀ ਲਈ ਫੋਨ ਕਰੋ

### ਸਰੀ

ਜੋਗਾ ਸਿੰਘ ਦਿਉਸੀ
604-507-3316
ਨਿਰਮਲ ਸਿੰਘ ਧਾਲੀਵਾਲ
(604) 599-6762
ਜਗਦੀਸ਼ ਸਿੰਘ ਗਰੇਵਾਲ
604-617-2262

ਇਕਬਾਲ ਸਿੰਘ ਸਿੱਧੂ
604-543-6532
ਪ੍ਰਿਤਪਾਲ ਸਿੰਘ ਸਿੱਧੂ
1-604-892-5713
ਕੁਲਵੰਤ ਸਿੰਘ ਗਰੇਵਾਲ
778-999-5177

### ਐਬਟਸਫੋਰਡ

ਗੁਰਿੰਦਰ ਸਿੰਘ ਸਿੱਧੂ
1-604-864-9798

ਜਗਦੇਵ ਸਿੰਘ ਸਿੱਧੂ
1-604-859-9343

ਪਲਵਿੰਦਰ ਸਿੰਘ ਕਾਤਰੋਂ
1-778-240-1543

ਮਿਸ਼ਨ

ਗੁਰਮੀਤ ਸਿੰਘ ਧਾਲੀਵਾਲ
1-(604) 826-4152
Cell:1-(604) 556-8949

# Furniture Land

Furnishing Your Home For Less

# VISAKHI SALE

Store Hours
Mon-Sun 10am. to 6pm.

## 2 Locations

## SURREY

13581 77th Avenue,
Surrey, BC V3W 6Y2
PH:(604) 591-9595
info@furnitureland.ca

## RICHMOND

12180 Bridgeport Road,
Richmond, BC V6V 1J3
PH: (604) 278-9595
richmond@furnitureland.ca

















*Top Quality *Friendly Service * On Time & Free Delivery
ਲੋਕਾਂ ਦੀ ਪੁਰਜੋਰ ਮੰਗ ਤੇ ਪਾਲ ਨਰਵਾਲ ਅਤੇ ਪੈਟਰਿਕ ਨੇ ਖੋਲ੍ਹ ਦਿੱਤਾ ਹੈ 'ਫਰਨੀਚਰ ਲੀਕਿਊਡੇਟਰਜ' (77 ਐਵੇਨਿਊ ਤੇ 128 ਸਟਰੀਟ) ਦੀ ਨੁੱਕਰ ਤੇ ਜਿੱਥੋਂ ਤੁਸੀਂ ਉਨ੍ਹਾਂ ਦੇ ਆਪਣੇ ਬਣਾਏ ਹੋਏ ਬਾਕਸ ਬੈੱਡ, ਸੋਫਾ ਸੈੱਟ ਅਤੇ ਮੈਟਰੈੱਸ ਕੌਡੀਆਂ ਦੇ ਭਾਅ ਖਰੀਦੋ
FIRST CHOICE FURNITURE LIQUIDATORS
7743-128St Surrey, BC (Opposite to Subway)
ਕਨੇਡੀਅਨ ਮੇਡ ਸੋਫਾ
ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ ਵਿਚ
ਕਨੇਡੀਅਨ ਮੇਡ ਸੋਫਾ
ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ, ਹਾਰਡ/ਮੀਡੀਅਮ/ਸੌਫਟ ਫੋਮ ਵਿਚ
ਡਾਈਨਿੰਗ ਟੇਬਲ
6 ਕੁਰਸੀਆਂ ਸਮੇਤ
$899.00
ਬਾਕਸ ਬੈੱਡ
ਸੁਪਰ ਫੈਂਸੀ
HB, FB Rail ਸਮੇਤ
HB Box Bed
$899.00
ਬਾਕਸ ਬੈੱਡ
ਫੈਂਸੀ ਟਫਟਡ
HB, FB Rail ਸਮੇਤ
Foam Mattress
Single $99 Double $129 Queen $149
Matresses
Single $149.00 Double $249.00
Queen $299.00
ਗੌਦਰੇਜ
ਦੀ ਅਲਮਾਰੀ
ਕੀਮਤ
$599.00
Paul Narwal & Patrick 604-503-4457 ਜਾਂ 236-868-1628

# ਖਾਲਸਾ ਸਕੂਲ ਓਲਡ ਯੇਲ ਸਰੀ ਵਿਖੇ ਵਿਸਾਖੀ ਜੋੜ ਮੇਲੇ ਤੇ ਭਾਰੀ ਰੌਣਕਾਂ

ਸਰੀ:ਵੈਨਕੂਵਰ ਏਰੀਏ ਵਿੱਚ ਸਿੱਖ ਕੌਮ ਦਾ ਪਹਿਲਾ ਵਿਦਿਅਕ ਅਦਾਰਾ ਖਾਲਸਾ ਸਕੂਲ ਜਿਸ ਦੀਆਂਹੁਣ ਕਈ ਬ੍ਰਾਂਚਾ ਹਨ ਅਤੇ ਸੈਂਕੜੇ ਬੱਚੇ ਇਥੋਂ ਅਕੈਡਮਿਕ, ਧਾਰਮਿਕ ਅਤੇ ਕਲਚਰ ਦੀ ਵਿੱਦਿਆ ਲੈ ਰਹੇਹਨ। ਖਾਲਸਾ ਸਕੂਲ ਦੀ ਓਲਡ ਯੇਲ ਰੋਡ 10589-124 ਸਰੀ ਵਿਖੇ ਵਿਸਾਖੀ ਜੋੜ ਮੇਲਾ ਬਹੁਤ ਹੀ ਧੂਮਧਾਮ ਨਾਲ ਮਨਾਇਆ ਗਿਆ। ਅਪ੍ਰੈਲ 29 ਨੂੰ ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ ਸਿੱਖ ਸੰਗਤਾਂ ਨੇ ਭਰਪੂਰ ਲਾਹਾ ਪ੍ਰਾਪਤ ਕੀਤਾ। ਸੁਆਦਲੇ ਸਟਾਲਾਂ ਤੇ ਚਾਹ ਪਕੌੜੇ, ਚਾਟ ਪੀਜ਼ਾ, ਸਾਗ, ਮੱਕੀ ਦੀ ਰੋਟੀ, ਛੋਲੇ ਭਟੂਰੇ, ਆਈਸਕਰੀਮ, ਕੌਟਨਕੈਂਡੀ ਦਾ ਅਨੰਦ ਮਾਣਿਆ। ਬੱਚਿਆਂ ਨੇ ਸ਼ਬਦ ਚੌਂਕੀ, ਕੀਰਤਨ,ਢਾਡੀ ਵਾਰਾਂ, ਗਤਕੇ ਨਾਲ ਨਿਹਾਲ ਕੀਤਾ। ਬੱਚਿਆਂ ਵਾਸਤੇ ਬਹੁਤ ਹੀ ਦਿਲਚਸਪ ਖੇਡਾਂ ਸਨ। ਸਕੂਲ ਦੇ ਪ੍ਰਬੰਧਕਾਂ ਨੇ ਆਏ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ।












**7050 120 Street, Surrey, British Columbia V3W 3M8, Tel: (604) 598-1300 Fax: (604) 594-1669**

# ਇਸ ਹਫਤੇ ਦੇ ਪ੍ਰੋਗਰਾਮ

### 5 ਮਈ ਦਿਨ ਸ਼ੁੱਕਰਵਾਰ

*ਸਵੇਰੇ 10 ਵਜੇ ਆਰੰਭ 2 ਸ੍ਰੀ ਅਖੰਡਪਾਠ ਸਾਹਿਬ

1. ਅਵਤਾਰ ਸਿੰਘ ਥਾਂਦੀ ਪਰਿਵਾਰ ਵੱਲੋਂ
2. ਕੁਲਵੰਤ ਸਿੰਘ ਥਾਂਦੀ ਪਰਿਵਾਰ ਵੱਲੋਂ

*ਸਵੇਰੇ 10 ਵਜੇ ਅਨੰਦਕਾਰਜ ਜਸਕਰਨ ਸਿੰਘ ਅਤੇ ਪਰਿਵਾਰ ਵੱਲੋਂ

### 6 ਮਈ ਦਿਨ ਸ਼ਨਿਚਰਵਾਰ

*ਸਵੇਰੇ 10 ਵਜੇ ਅਨੰਦਕਾਰਜ ਸਿਮਰਨਜੀਤ ਸਿੰਘ ਅਤੇ ਪਰਿਵਾਰ ਵੱਲੋਂ

*ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰ ਸੇਵਾ ਨਵਦੀਪ ਸਿੰਘ ਅਤੇ ਪਰਿਵਾਰ ਵੱਲੋਂ

*ਸਵੇਰੇ 11 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਕੀਰਤਨ ਅਤੇ ਲੰਗਰ ਸੇਵਾ ਨੀਲਮ ਪ੍ਰੀਤ ਅਤੇ ਪਰਿਵਾਰ ਵੱਲੋਂ

*ਸ਼ਾਮ 4 ਵਜੇ ਸ਼ਾਮ ਪਾਠ ਸ੍ਰੀ ਸੁਖਮਨੀ ਸਾਹਿਬ, ਕੀਰਤਨ ਤੇ ਲੰਗਰ ਦੀ ਸੇਵਾ ਸੁਖਪਾਲ ਸਿੰਘ ਅਤੇ ਪਰਿਵਾਰ ਵੱਲੋਂ

*ਸ਼ਾਮ 5.30 ਵਜੇ ਸ੍ਰੀ ਸੁਖਮਨੀ ਸਾਹਿਬ ਅਤੇ ਲੰਗਰ ਅਨੰਦਪ੍ਰਕਾਸ਼ ਸਿੰਘ ਅਤੇ ਪਰਿਵਾਰ ਵੱਲੋਂ

### 7 ਮਈ ਦਿਨ ਐਤਵਾਰ

*ਸਵੇਰੇ 8.30 ਵਜੇ ਭੋਗ 2 ਸ੍ਰੀ ਅਖੰਡ ਪਾਠ ਸਾਹਿਬ

*ਸਵੇਰੇ 8.30 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਰਾਜਵੀਰ ਕੌਰ ਅਤੇ ਪਰਿਵਾਰ ਵੱਲੋਂ

*ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਸਤਬੀਰ ਸਿੰਘ ਗਿੱਲ ਅਤੇ ਪਰਿਵਾਰ ਵੱਲੋਂ

*ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਸੇਵਾ ਸਿੰਘ ਮਾਨ ਅਤੇ ਪਰਿਵਾਰ ਵੱਲੋਂ

*ਦੁਪਹਿਰ 12 ਵਜੇ ਭੋਗ ਸ੍ਰੀ ਸਹਿਜ ਪਾਠ ਸੋਹਣ ਸਿੰਘ ਔਜਲਾ ਅਤੇ ਪਰਿਵਾਰ ਵੱਲੋਂ

*ਸ਼ਾਮ 3 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਸੰਦੀਪ ਸਿੰਘ ਸਨੀ ਅਤੇ ਪਰਿਵਾਰ ਵੱਲੋਂ

*ਸ਼ਾਮ 5 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਮਨਮੋਹਨ ਸਿੰਘ ਅਤੇ ਪਰਿਵਾਰ ਵੱਲੋਂ

**ਐਤਵਾਰ 7 ਮਈ ਸਾਰੇ ਦਿਨ ਦੇ ਦੀਵਾਨ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਣਗੇ**




**ਸੂਚਨਾ:ਹਰੇਕ ਸੰਗਰਾਂਦ ਨੂੰ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਅਰਦਾਸ ਕੀਤੀ ਜਾਵੇਗੀ।**

ਗੁਰਦੁਆਰਾ ਸਾਹਿਬ ਵੱਲੋਂ ਚੱਲ ਰਹੇ ਗੁਰਮਤਿ ਸਕੂਲ ਵਿਚ ਕਲਾਸਾਂ ਚੱਲ ਰਹੀਆਂ ਹਨ।ਵਧੇਰੇ ਜਾਣਕਾਰੀ ਅਤੇ ਬੱਚਿਆਂ ਨੂੰ ਰਜਿਸਟਰ ਕਰਵਾਉਣ ਲਈ ਦਫਤਰ ਵਿਚ ਸੰਪਰਕ ਕਰੋ ਜੀ

***ਕੀਰਤਨ *ਤਬਲਾ ਤੇ ਤੰਤੀ ਸਾਜ ਕਲਾਸਾਂ *ਸੰਥਿਆ ਕਲਾਸਾਂ**
***ਪੰਜਾਬੀ ਕਲਾਸਾਂ *ਗਤਕਾ ਅਤੇ ਦੁਮਾਲਾ ਸਿਖਲਾਈ ਕਲਾਸਾਂ**

## ਰਾਗੀ ਜੱਥੇ

1. ਭਾਈ ਭਗਤਜੀਤ ਸਿੰਘ ਜੀ ਦਾ ਜਥਾ
2. ਭਾਈ ਗੁਰਦੀਪ ਸਿੰਘ ਜੀ ਦਾ ਜਥਾ
3. ਭਾਈ ਸੁਖਵਿੰਦਰ ਸਿੰਘ ਜੀ ਦਾ ਜਥਾ

## ਕਥਾਵਾਚਕ

ਭਾਈ ਲਖਬੀਰ ਸਿੰਘ

## ਕਵੀਸ਼ਰੀ ਜਥਾ

ਕਵੀਸ਼ਰ ਭਾਈ ਦਲਬੀਰ ਸਿੰਘ ਗਿੱਲ ਮਹਿਮਾ ਚੱਕ

# .Ck Auto.

## CK AUTO SERVICES LTD.

SALE
BUY 4 TIRES & GET ALLIGNMENT AT 1/2 PRICE
FLAT TYRE REPAIR FREE

NEW
AUPLUS
Comforser
BRIDGESTONE
MICHELIN

40% off

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

Clearance Sale
*Limited Quantity

On All Seasons & Winter Tires
(Auplus & Comforser)


TARSHOTAM BIRAN

215/70R16
COMFORSER
Reg: ~~$155.00~~
Now : $70.00



235/65R17
COMFORSER
Reg: ~~$220.00~~
Now : $95.00



245/65R17
COMFORSER
Reg: ~~$240.00~~
Now : $100.00



215/70R15
GOOD YEAR INTEGRITY
Reg: ~~$120.00~~
Now : $90.00



SALE

Comforser
Size: 205/60/16
Reg Price: ~~$110~~
Sale Price : $55



Auplus
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ
ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

**Cell: 778-322-1610, Tel: 604-592-2667** #106-13112-84th Ave.,Surrey



ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ
(India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ
ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: **Off:206-517-4444, Cell:206-771-5079**

6417 Roosevelt Way NE #105, Seattle WA 98115 Email:sardarjicatering@gmail.com

# (ਮੁੱਖ ਪੰਨੇ ਦੀ ਬਾਕੀ)

ਗੱਡਿਆ ਸੀ।

ਖਾਲਿਸਤਾਨ ਕੀ ਹੈ:

1. ਖਾਲਿਸਤਾਨ, ਖਾਲਸਾ ਪੰਥ ਨੂੰ ਸੱਚੇ ਪਾਤਿਸਾਹ ਗੁਰੂ ਨਾਨਕ ਸਾਹਿਬ ਜੀ ਵੱਲੋਂ ਬਖ਼ਸ਼ੀ ਸਦੀਵੀ ਪਾਤਿਸਾਹੀ ਦਾ ਖ਼ਾਸ ਸਮੇਂ ਅਤੇ ਸਥਾਨ ਵਿਚ ਵਿਹਾਰਕ ਰਾਜਸੀ ਸੱਤਾ (ਪੋਲਟਿਚਿਓਲ ਪੋਾਇਰ) ਵਜੋਂ ਪ੍ਰਗਟਾਵਾ ਹੈ।

2.. ਖਾਲਿਸਤਾਨ ਸੰਘਰਸ਼ ਸਿਰਫ ਆਪਣੀ ਸਵੈ-ਪਛਾਣ ਅਤੇ ਸਵੈ-ਹੋਂਦ ਨੂੰ ਬਚਾਉਣ ਲਈ ਅਸੁਰੱਖਿਆ ਦੀ ਬਿਰਤੀ ਦੀ ਪੈਦਾਵਾਰ ਨਹੀਂ ਹੈ ਸਗੋਂ ਪਾਤਿਸਾਹੀ ਖਾਲਸਾ ਪੰਥ ਦਾ ਜੁਗੋ-ਜੁਗ ਅਟੱਲ ਤੇ ਜ਼ਰੂਰੀ ਪਹਿਲੂ ਹੈ।

3. ਖਾਲਿਸਤਾਨ ਤੋਂ ਸਾਡਾ ਭਾਵ ਆਜ਼ਾਦ (ਪ੍ਰਭੂਸੱਤਾ ਸੰਪੰਨ) ਰਾਜਨੀਤਕ ਢਾਂਚਾ ਕਾਇਮ ਕਰਨਾ ਹੈ ਜਿਥੇ ਖਾਲਸਾ ਪੰਥ ਦੀ ਨਿਆਰੀ ਅਤੇ ਸੁਤੰਤਰ ਹੋਂਦ-ਹਸਤੀ ਨਿਰਵਿਘਨ ਵਿਗਸ ਸਕੇ ਅਤੇ ਜਿਸ ਵਿਚ ਸਰਬੱਤ ਦੇ ਭਲੇ ਵਾਲੀਆਂ ਹਲਤਮੁਖੀ ਤੇ ਪਲਤਮੁਖੀ ਬਣਤਰਾਂ (ਸਪਰਿਟੁਿਓਲ ਓਨਦ ਟਇਮਪੋਰਓਲ ਸਟਰੁਚਟੁਰਏਸ) ਵਿਕਸਤ ਹੋ ਸਕਣ ਤਾਂ ਕਿ ਮਨੁੱਖ ਆਪਣੇ ਸੰਪੂਰਨ ਵਿਗਾਸ ਨੂੰ ਮਾਣ ਸਕੇ। ਭਾਵ ਆਜ਼ਾਦੀ, ਬਰਾਬਰਤਾ (ਨਸਲ, ਰੰਗ, ਲਿੰਗ, ਜਾਤ-ਪਾਤ, ਧਰਮ, ਅਮੀਰ-ਗਰੀਬ ਆਦਿ ਦੇ ਭਿੰਨ-ਭੇਦ ਤੋਂ ਰਹਿਤ, ਬਰਾਬਰੀ ਵਾਲਾ ਸਮਾਜਕ ਪ੍ਰਬੰਧ), ਨਿਆਂ ਤੇ ਸਾਂਝੀਵਾਲਤਾ ਵਾਲਾ ਆਦਰਸ਼ਕ ਸਮਾਜ ਅਤੇ ਰਾਜ ਉਸਰ ਸਕੇ।

4. ਐਸਾ ਰਾਜ-ਪ੍ਰਬੰਧ ਜਿਹੜਾ ਗੁਰੂ ਗ੍ਰੰਥ ਸਾਹਿਬ ਦੇ ਬ੍ਰਹਿਮੰਡੀ ਪਰਿਪੇਖ (ਚੋਸਮਚਿ ਪਏਰਸਪਏਚਟਵਿਏ) ਨੂੰ ਸਾਕਾਰ ਕਰ ਸਕਣ ਦੇ ਸਮੱਰਥ ਹੋਵੇਗਾ।

5. ਇਸ ਪ੍ਰਬੰਧ ਜਿਸ ਵਿਚ ਲੋਕ-ਰਾਜੀ ਪ੍ਰਵਿਰਤੀਆਂ ਤੇ ਸਾਂਝੀ ਲੋਕ ਅਗਵਾਈ ਭਾਵ ਪੰਚ ਪ੍ਰਧਾਨੀ ਪ੍ਰਣਾਲੀ ਹੋਵੇ ਅਤੇ ਖੁਦਮੁਖਤਿਆਰੀ ਦਾ ਸੰਚਾਰ ਸਭ ਤੋਂ ਹੇਠਲੇ ਪੱਧਰ ਤੱਕ ਹੋਵੇ।

6. ਇਹ ਰਾਜ ਪ੍ਰਬੰਧ ਇਕ ਦੇਸ਼ ਜਾਂ ਦੇਸ਼ਾਂ ਦੇ ਸਮੂਹ ਦੀ ਧੌਂਸ ਤੋਂ ਮੁਕਤ ਰਾਜਨੀਤਕ ਵਿਸ਼ਵ ਪ੍ਰਬੰਧ ਦਾ ਹਾਮੀ ਹੋਵੇ।

7. ਜਿਸ ਵਿੱਚ ਸਰੀਰਕ ਤੰਦਰੁਸਤੀ, ਸੁੱਚੀ ਕਿਰਤ, ਸਵੈ-ਮਾਣ ਤੇ ਚੜਦੀਕਲਾ, ਵਾਲਾ ਬੇ-ਖੌਫ਼ ਜੀਵਨ ਬਸਰ ਕਰਨ ਦਾ ਬੇਗਮਪੁਰੇ ਵਾਲਾ ਮਾਹੌਲ ਹੋਵੇ।

ਖਾਲਸਾ ਪੰਥ ਸੰਘਰਸ਼ ਕਦੋਂ ਕਰਦਾ ਹੈ:

ਜੋ ਵੀ ਤਾਕਤ ਖਾਲਸਾ ਪੰਥ ਦੀ ਨਿਆਰੀ ਤੇ ਸੁਤੰਤਰ ਹੋਂਦ ਨੂੰ ਕਾਬੂ ਜਾਂ ਸੀਮਤ ਕਰਨ ਦਾ ਯਤਨ ਕਰਦੀ ਹੈ ਜਾਂ ਰੱਬੀ ਹੁਕਮ ਤੋਂ ਆਕੀ ਹੋ ਕੇ ਜ਼ੁਲਮੀ ਰਾਜ ਸਥਾਪਤ ਕਰਦੀ ਹੈ ਤਾਂ ਸੱਚੇ ਪਾਤਿਸਾਹ ਵੱਲੋਂ ਖਾਲਸਾ ਪੰਥ ਦੀ ਜਿੰਮੇਵਾਰੀ ਤੈਅ ਹੈ ਕਿ ਜਰਵਾਣੇ ਦੀ ਭੱਖਿਆ-ਗਰੀਬ ਦੀ ਰੱਖਿਆ ਲਈ ਹਲੇਮੀ ਰਾਜ ਪ੍ਰਬੰਧ ਕਾਇਮ ਕਰੇ। ਆਕੀ ਰਾਜ ਨੂੰ ਜੜ੍ਹੋਂ ਪੱਟ ਕੇ ਸਰਬੱਤ ਦੇ ਭਲੇ ਵਾਲਾ ਪ੍ਰਬੰਧ ਸਿਰਜਣ ਤੱਕ ਬਾਗੀ ਜਾਂ ਬਾਦਸ਼ਾਹ ਵਾਲੀ ਦ੍ਰਿੜਤਾ ਨਾਲ ਜੱਦੋਜਹਿਦ ਕਰੇ। ਬਿਪਰ ਸਾਮਰਾਜ 1947 ਤੋਂ ਹੀ ਖਾਲਸਾ ਪੰਥ ਉਤੇ ਸੂਖਮ ਤਰੀਕਿਆਂ ਨਾਲ ਹਮਲਾਵਰ ਹੈ। ਲੁਕਵੇਂ ਅਤੇ ਪ੍ਰਤੱਖ ਹਮਲੇ ਵਜੋਂ ਪੰਜਾਬ ਦੇ ਮਨੁੱਖੀ ਤੇ ਕੁਦਰਤੀ ਸਰੋਤਾਂ ਦਾ ਨਿਰੰਤਰ ਸ਼ੋਸ਼ਣ, ਮੁੱਖ ਧਾਰਾ ਦੀ ਆਰਥਿਕਤਾ ਅਤੇ ਰਾਜਨੀਤੀ ਵਿੱਚੋਂ ਪੰਜਾਬ ਨੂੰ ਮਨਫੀ ਕਰਨਾ, ਪੰਜਾਬ ਦੀ ਭੌਂ ਨੂੰ ਬੰਜਰ ਕਰਨ ਅਤੇ ਰੁਜ਼ਗਾਰ ਦੇ ਮੌਕੇ ਘਟਾਉਣ ਦੀਆਂ ਨੀਤੀਆਂ ਲਾਗੂ ਕਰਨਾ ਅਜੇ ਵੀ ਜਾਰੀ ਹੈ। ਪੰਜਾਬ ਅਤੇ ਇਸ ਖਿੱਤੇ ਦੇ ਲੋਕਾਂ ਦੀ ਜਰਵਾਣਿਆਂ ਤੋਂ ਰਖਿਆ ਲਈ ਖਾਲਸਾ ਪੰਥ ਸਦਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਗੁਰਮਤੇ ਕਰਦਾ ਆਇਆ ਹੈ। ਜਦੋਂ ਜੂਨ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਉਤੇ ਹਮਲਾ ਕਰਕੇ ਖਾਲਸਾ ਪੰਥ ਦੀ ਹੋਂਦ ਮਿਟਾਉਣ ਦਾ ਯਤਨ ਕੀਤਾ ਗਿਆ ਤਾਂ ਸੰਘਰਸ਼ ਅਗਲੇ ਪੜਾਉ ਵਿੱਚ ਦਾਖਲ ਹੋ ਗਿਆ। ਪੰਥ ਪਿਆਰ ਵਿੱਚ ਜਾਨਾਂ ਵਾਰਨ ਵਾਲੇ ਸੂਰਮੇ ਹਕੂਮਤ ਨਾਲ ਲਹੂ ਡੋਲਵੀਂ ਜੰਗ ਵਿੱਚ ਕੁੱਦ ਪਏ। ਇਸ ਸੰਘਰਸ਼ ਦੇ ਮਹੱਤਵਪੂਰਨ ਪੜਾਅ ਵਜੋਂ 29 ਅਪਰੈਲ 1986 ਦੇ ਦਿਨ ਖਾਲਿਸਤਾਨ ਦਾ ਐਲਾਨਨਾਮਾ ਕੀਤਾ ਗਿਆ।

**ਆਦਰਸ਼ ਹਾਲਤਾਂ ਵਿਚ ਖਾਲਸਾ ਪੰਥ ਦੀ ਭੂਮਿਕਾ:**

ਅੱਜ ਦੁਨੀਆਂ ਵਿਚ ਪ੍ਰਚੱਲਤ ਹਲਤਮੁਖੀ ਬਣਤਰਾਂ ਪੂਰਨ ਜਾਂ ਅੰਸ਼ਕ ਰੂਪ ਵਿਚ ਅਸਫ਼ਲ ਹੋ ਚੁੱਕੀਆਂ ਹਨ ਫਲਸਰੂਪ ਮੁਕਾਮੀ ਤੇ ਸੰਸਾਰ ਪੱਧਰ ਉੱਤੇ ਅਸਥਿਰਤਾ ਵਾਲੇ ਹਾਲਾਤ ਬਣਦੇ ਜਾ ਰਹੇ ਹਨ ਤਾਂ ਆਦਰਸ਼ਕ ਰੂਪ ਵਿਚ ਗੁਰੂ ਖਾਲਸਾ ਪੰਥ ਦਾ ਇਹ ਫਰਜ਼ ਬਣਦਾ ਹੈ ਕਿ ਸਰਬੱਤ ਦੇ ਭਲੇ ਲਈ ਆਪਣੇ ਅਮਲ ਰਾਹੀਂ ਚਾਨਣ ਮੁਨਾਰਾ ਬਣੇ ਅਤੇ ਦੁਨੀਆਂ ਸਾਹਮਣੇ ਐਸੇ ਪ੍ਰਬੰਧ/ਮਾਡਲ ਪੇਸ਼ ਕਰੇ ਜਿਨ੍ਹਾਂ ਨਾਲ ਸਰਬੱਤ ਦਾ ਭਲਾ ਹੋ ਸਕੇ।

ਖਾਲਸਾ ਪੰਥ ਲਈ ਜ਼ਰੂਰੀ ਹੈ ਕਿ ਭਵਿੱਖ ਲਈ ਸਹੀ ਮਾਰਗ-ਸੇਧ ਨਿਸ਼ਚਿਤ ਕਰਨ ਲਈ ਬਦਲੇ ਹੋਏ ਦੱਖਣ-ਏਸ਼ੀਆਈ ਅਤੇ ਸੰਸਾਰੀ ਹਾਲਤ ਨੂੰ ਦੇਖਦੇ ਹੋਏ ਅਤੇ ਬੀਤੇ ਸਿੱਖ ਸੰਘਰਸ਼ ਤੋਂ ਰੌਸ਼ਨੀ ਲੈਕੇ ਪੰਥਕ ਰਵਾਇਤ ਅਨੁਸਾਰ ਫ਼ੈਸਲੇ ਲਵੇ। **ਭਵਿੱਖਮੁਖੀ ਕਾਰਜ:-**

1. ਖਾਲਿਸਤਾਨ ਦੀ ਵਿਚਾਰਧਾਰਾ ਅਤੇ ਇਸ ਉੱਤੇ ਅਧਾਰਤ ਬਣਤਰਾਂ, ਪ੍ਰਣਾਲੀਆਂ ਅਤੇ ਪ੍ਰਬੰਧ ਬਾਰੇ ਸਿਧਾਂਤਕਾਰੀ/ਗਿਆਨਕਾਰੀ ਪੇਸ਼ ਕਰਨ ਦੀ ਕਵਾਇਦ ਨੂੰ ਉਤਸ਼ਾਹਤ ਕਰਨਾ।

2. ਖਾਲਿਸਤਾਨ ਦੀ ਵਿਚਾਰਧਾਰਾ ਦੀ ਸਿਧਾਂਤਕ ਪੇਸ਼ਕਾਰੀ ਦੇ ਪ੍ਰਚਾਰ-ਪ੍ਰਸਾਰ ਨਾਲ ਗੁਰ-ਸੰਗਤਿ ਅੰਦਰ ਇਸ ਵਿਚਾਰਧਾਰਾ ਦਾ ਅਧਾਰ ਤਿਆਰ ਕਰਨਾ ਅਤੇ ਦੁਨੀਆਂ ਵਿਚ ਇਸ ਦੀ ਵਾਜ਼ਬੀਅਤ ਸਿੱਧ ਕਰਨੀ।

3. ਖਾਲਿਸਤਾਨ ਲਹਿਰ ਦੇ ਨਾਇਕਾਂ ਅਤੇ ਇਤਿਹਾਸਕ ਸਾਕੇ/ਘਟਨਾਵਾਂ ਦੀਆਂ ਯਾਦਾਂ ਨੂੰ ਮਨਾਉਣਾ ਅਤੇ ਸੰਘਰਸ਼ ਦੀਆਂ ਪ੍ਰਾਪਤੀਆਂ ਨੂੰ ਵੱਖ-ਵੱਖ ਪ੍ਰੋਗਰਾਮਾਂ ਰਾਹੀਂ ਪੰਥ ਤੱਕ ਲੈ ਕੇ ਜਾਣਾ।

4. ਜੋ ਵੀ ਇਸ ਖਿਤੇ ਵਿੱਚ ਸਭਿਆਚਾਰਕ ਸਮਾਜਕ ਤੇ ਧਾਰਮਿਕ ਤੌਰ ਉੱਤੇ ਮੰਨੂ ਮਤਿ ਅਤੇ ਸਿਆਸੀ ਤੌਰ ਤੇ ਦਿੱਲੀ ਤਖਤ ਦੇ ਖਿਲਾਫ ਹੈ (ਭਾਵ ਦਲਿਤ, ਆਦਿਵਾਸੀ, ਕਸ਼ਮੀਰੀ, ਤਾਮਿਲ, ਉਤਰ ਪੂਰਬੀ ਖ਼ਿੱਤੇ ਦੀਆਂ ਅਤੇ ਹੋਰਨਾਂ ਵਿਲੱਖਣ ਕੌਮਾਂ, ਮੁਸਲਿਮ ਅਤੇ ਹੋਰ ਪਛੜੀਆਂ ਸ਼੍ਰੇਣੀਆਂ) ਉਹਨਾਂ ਸਭ ਧਿਰਾਂ ਨਾਲ ਸੰਵਾਦ ਰਚਾਉਣਾ ਅਤੇ ਉਨ੍ਹਾਂ ਨਾਲ ਜਥੇਬੰਦਕ ਪੱਧਰ ਉੱਤੇ ਤਾਲਮੇਲ ਤੇ ਸਾਂਝ (ਜਿਥੇ ਸੰਭਵ ਹੋਵੇ) ਕਾਇਮ ਕਰਨਾ। -ਗੁਰੂ ਪੰਥ ਦਾ ਦਾਸ:-ਦਲਜੀਤ ਸਿੰਘ (29 ਅਪਰੈਲ, 2023)

# ਗੈਂਗਸਟਰ ਟਿੱਲੂ ਤਾਜਪੁਰੀਆ ਦੀ ਤਿਹਾੜ ਜੇਲ੍ਹ ’ਚ ਹੱਤਿਆ

ਨਵੀਂ ਦਿੱਲੀ-ਦਿੱਲੀ ਦੀ ਰੋਹਿਣੀ ਕੋਰਟ ਗੋਲੀ ਕਾਂਡ ਦੇ ਮੁਲਜ਼ਮ ਗੈਂਗਸਟਰ ਟਿੱਲੂ ਤਾਜਪੁਰੀਆ ’ਤੇ ਤਿਹਾੜ ਜੇਲ੍ਹ ਵਿੱਚ ਉਸ ਦੇ ਵਿਰੋਧੀਆਂ ਨੇ ਕਥਿਤ ਤੌਰ ’ਤੇ ਹਮਲਾ ਕਰਕੇ ਉਸ ਦਾ ਕਤਲ ਕਰ ਦਿੱਤਾ। ਇਹ ਘਟਨਾ ਸਵੇਰੇ 6.30 ਵਜੇ ਦੇ ਕਰੀਬ ਵਾਪਰੀ।

ਵਿਰੋਧੀਆਂ ਵੱਲੋਂ ਹਮਲਾ ਕੀਤੇ ਜਾਣ ਤੋਂ ਬਾਅਦ ਤਾਜਪੁਰੀਆ ਨੂੰ ਦੀਨ ਦਿਆਲ ਉਪਾਧਿਆਏ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਸੀਨੀਅਰ ਜੇਲ ਅਧਿਕਾਰੀ ਨੇ ਦੱਸਿਆ ਕਿ ਸੁਨੀਲ ਉਰਫ ਟਿੱਲੂ ਤਾਜਪੁਰੀਆ (33) ਨੂੰ ਹਾਈ ਰਿਸਕ ਵਾਰਡ ਦੀ ਹੇਠਲੀ ਮੰਜ਼ਿਲ ‘ਚ ਰੱਖਿਆ ਗਿਆ ਸੀ।

FEEL GREAT SYSTEM

ਕੀ ਤੁਸੀਂ ਵੀ ਇਹਨਾਂ ਸਮੱਸਿਆਵਾਂ ਨਾਲ ਜੂਝ ਰਹੇ ਹੋ?

✓ ਸੂਗਰ ਕੰਟਰੋਲ
✓ ਕੋਲੈਸਟ੍ਰੋਲ ਕੰਟਰੋਲ
✓ ਥਾਇਰਾਇਡ ਕੰਟਰੋਲ
✓ ਮਾਈਗਰੇਨ ਕੰਟਰੋਲ
✓ ਬਲੱਡ ਪ੍ਰੈਸ਼ਰ ਕੰਟਰੋਲ
✓ ਭਾਰ ਕੰਟਰੋਲ
✓ ਜੋੜਾਂ ਦਾ ਦਰਦ
✓ ਸਰੀਰ ਵਿੱਚ ਥਕਾਵਟ ਰਹਿਣਾ
✓ ਹਾਰਮੋਨਲ ਅਸੰਤੁਲਨ
✓ PCOS/PCOD
✓ ਪਾਚਨ ਸੰਬੰਧੀ ਸਮੱਸਿਆਵਾਂ

If you want good health do not wait just call +1604-537-9744 after 4:30 pm or msg on whatsaap

ARE YOU FIGHTING WITH THESE PROBLEMS:

✓ Diabetes Control
✓ Cholesterol Control
✓ Thyroid Control
✓ Migraine Control
✓ Blood Pressure Control
✓ Weight Control
✓ Joints Pain
✓ Low Energy
✓ Hormonal Imbalance
✓ PCOS/PCOD
✓ Digestive Problems

WE HAVE GOT ONE STOP SOLUTION FOR ALL THESE PROBLEMS AND IT'S 100% NATURAL PLANT BASED

ATLAS ANIMAL HOSPITAL

Open 24 Hours 7 Days a Week





• Animal Dermatology
• Pet Cardiology
• Pet Deworming
• Pet Ear Infection
• Pet Endocrine Diseases
• Pet Eye Infections
• Flea & Tick Control
• Pet Oral Infections
• Pet Allergies
• Pet Anal Gland Expression
• Vaccination
• Dental Cleaning
• Pet Grooming
• Nail Trimming
• Ear Cleaning
• Pet Boarding
• Puppy Training
• Veterinary Diets
• Behavioral Consultation
• Pet Identification
• End of Life

Dr. H. Bhullar & Associates

Tel: 604-301-0300

5696 Fraser St, Vancouver, BC, V5W 2Z4

www.atlasvetsinvancouver.com

# ਸਿਹਤ ਸੰਬੰਧੀ





# ਵਾਲ਼ਾਂ ਦਾ ਝੜਨਾ, ਐਲੋਪੀਸ਼ੀਆ ਅਤੇ ਹੋਮਿਓਪੈਥੀ

ਵਾਲ਼ਾਂ ਦੇ ਟੁੱਟਣ ਜਾਂ ਝੜਨ ਦੀਆਂ ਕਈ ਕਿਸਮਾਂ ਹੁੰਦੀਆਂ ਹਨ ਜਿਨ੍ਹਾਂ ਵਿੱਚੋਂ ਹੇਠ ਲਿਖੀਆਂ ਪ੍ਰਮੁੱਖ ਤੌਰ ’ਤੇ ਦੇਖੀਆਂ ਜਾਂਦੀਆਂ ਹਨ:

1.ਐਲੋਪੀਸ਼ੀਆ ਐਡਨਾਟਾ (Alopecia Adnata): ਜਨਮ ਵੇਲ਼ੇ ਬੱਚੇ ਦੇ ਸਿਰ ਉੱਤੇ ਵਾਲ਼ ਨਾ ਹੋਣ ਜਾਂ ਜਨਮ ਲੈਣ ਤੋਂ ਬਾਅਦ ਉੱਤਰਦੇ ਹੋਣ। ਬੱਚੇ ਦੀ ਮਾਂ ਜਾਂ ਬੱਚੇ ਦੀ ਖ਼ੁਰਾਕ ਵਿੱਚ ਘਾਟ ਇਸ ਦਾ ਖ਼ਾਸ ਕਾਰਨ ਹੁੰਦਾ ਹੈ। ਖ਼ੁਰਾਕ ਦਾ ਚੰਗੀ ਤਰ੍ਹਾਂ ਹਜ਼ਮ ਨਾ ਹੋਣਾ ਵੀ ਇੱਕ ਕਾਰਨ ਹੋ ਸਕਦਾ ਹੈ।

2.ਐਲੋਪੀਸ਼ੀਆ ਐਰੀਐਟਾ (Alopecia Areata): ਇਸ ਕਿਸਮ ਵਿੱਚ ਵਾਲ਼ ਚੌੜੇ-ਚੌੜੇ ਅਤੇ ਗੋਲ ਚਟਾਕਾਂ ਵਿੱਚ ਉੱਤਰਦੇ ਹਨ ਅਤੇ ਇਹ ਖ਼ਾਲੀ ਚਟਾਕ ਦਿਨ-ਬ-ਦਿਨ ਵਧਦੇ ਜਾਂਦੇ ਹਨ। ਮਰਦਾਂ ਵਿੱਚ ਸਿਰ ਦੇ ਨਾਲ-ਨਾਲ ਦਾੜ੍ਹੀ ਜਾਂ ਭਰਵੱਟਿਆਂ ਦੇ ਵਾਲ਼ ਵੀ ਪ੍ਰਭਾਵਿਤ ਹੋ ਸਕਦੇ ਹਨ। ਇਸ ਰੋਗ ਦਾ ਕਾਰਨ ਇੱਕ ਖ਼ਾਸ ਪ੍ਰਕਾਰ ਦੇ ਕਿਟਾਣੂ ਹੁੰਦੇ ਹਨ।

3.ਐਲੋਪੀਸ਼ੀਆ ਪ੍ਰੀਜ਼ੈਨਿਲਿਸ (ਅਲੋਪਏਚਿਓ ਫਰਏਸਏਨਲਿਸਿ): 20 ਤੋਂ 30 ਸਾਲ ਦੀ ਉਮਰ ਵਿੱਚ ਵਾਲ਼ ਮੱਥੇ ਤੋਂ ਡਿੱਗਣੇ ਸ਼ੁਰੂ ਹੋ ਕੇ ਸਿਰ ਦੇ ਪਿਛਲੇ ਪਾਸੇ ਵੱਲ ਨੂੰ ਉੱਤਰਦੇ ਰਹਿੰਦੇ ਹਨ।

4.ਐਲੋਪੀਸ਼ੀਆ ਸੀਨਾਇਲਿਸ (Alopecia Senilis): 40-50 ਸਾਲ ਦੀ ਉਮਰ ਵਿੱਚ ਕਈਆਂ ਦੇ ਸਿਰ ਵਿੱਚ ਗੰਜ ਪੈਣਾ ਸ਼ੁਰੂ ਹੋ ਜਾਂਦਾ ਹੈ। ਵਾਲ਼ ਹੌਲੇ-ਹੌਲੇ ਟੁੱਟਣੇ ਸ਼ੁਰੂ ਹੋ ਜਾਂਦੇ ਹਨ। ਵਾਲ਼ਾਂ ਵਿੱਚ ਚਮਕ ਨਹੀਂ ਰਹਿੰਦੀ। ਇਸ ਦੇ ਕਾਰਨ ਖੋਪੜੀ ਦੀ ਚਮੜੀ ਦਾ ਰੋਗ ਜਾਂ ਖੋਪੜੀ ਵਿੱਚ ਲਹੂ-ਚੱਕਰ ਦੀ ਘਾਟ ਆਦਿ ਹੁੰਦੇ ਹਨ।

ਬਹੁਤੇ ਵਿਅਕਤੀਆਂ ਵਿੱਚ 50-100 ਵਾਲ਼ ਹਰ ਰੋਜ਼ ਡਿੱਗਦੇ ਹਨ। ਜਿਸ ਦਿਨ ਸਿਰ ਧੋਣਾ ਹੋਵੇ ਤਾਂ ਵਾਲ਼ਾਂ ਦੇ ਡਿਗਣ ਦੀ ਮਿਕਦਾਰ ਵਧ ਕੇ 200-250 ਤਕ ਹੋ ਸਕਦੀ ਹੈ। ਪਰ ਵਾਲ਼ਾਂ ਨੂੰ ਡਿਗਣ ਤੋਂ ਬਚਾਉਣ ਵਾਸਤੇ ਵਾਲ਼ਾਂ ਨੂੰ ਨਾ ਧੋਣਾ ਕੋਈ ਹੱਲ ਨਹੀਂ ਕਿਉਂਕਿ ਜੇ ਵਾਲ਼ ਡਿਗਣੇ ਸ਼ੁਰੂ ਹੋਏ ਹਨ ਤਾਂ ਡਿਗਦੇ ਹੀ ਰਹਿਣਗੇ, ਜਦੋਂ ਤਕ ਕੋਈ ਢੁਕਵਾਂ ਹੱਲ ਨਹੀਂ ਲੱਭ ਲਿਆ ਜਾਂਦਾ। ਔਰਤਾਂ ਦੇ ਕੇਸ ਵਿੱਚ ਵਾਲ਼ਾਂ ਦੇ ਝੜਨ ਬਾਰੇ ਸਵੇਰੇ ਜਾਗਣ ਵੇਲ਼ੇ ਉਨ੍ਹਾਂ ਦੇ ਸਿਰ੍ਹਾਣੇ ’ਤੇ ਡਿਗੇ ਹੋਏ ਵਾਧੂ ਵਾਲ਼ਾਂ ਤੋਂ ਪਤਾ ਲਗ ਜਾਂਦਾ ਹੈ ਜਾਂ ਜਦੋਂ ਉਹ ਵਾਲ਼ ਵਾਹੁੰਦੀਆਂ ਹਨ ਤਾਂ ਕੰਘੇ ਵਿੱਚ ਵਾਲ਼ ਟੁੱਟ ਕੇ ਫ਼ਸ ਜਾਂਦੇ ਹਨ ਜਿਸ ਤੋਂ ਪਤਾ ਚਲਦਾ ਹੈ ਕਿ ਵਾਲ਼ਾਂ ਦਾ ਝੜਨਾ ਸ਼ੁਰੂ ਹੋ ਚੁੱਕਾ ਹੈ।ਔਰਤਾਂ ਅਤੇ ਮਰਦਾਂ ਦੇ ਸਿਰ ਦੇ ਵਾਲ਼ ਝੜਨ ਦਾ ਵੀ ਇੱਕ ਅਲੱਗ ਪੈਟ੍ਰਨ ਵੇਖਣ ਵਿੱਚ ਆਉਂਦਾ ਹੈ। ਮਰਦਾਂ ਦੇ ਕੇਸ ਵਿੱਚ ਵਾਲ਼ ਮੂਹਰੇ ਤੋਂ, ਭਾਵ ਮੱਥੇ ਤੋਂ ਝੜਨੇ ਸ਼ੁਰੂ ਹੋ ਕੇ ਪਿੱਛੇ ਵੱਲ ਨੂੰ ਜਾਂਦੇ ਹਨ ਜਾਂ ਸਿਰ ਦੇ ਵਿਚਾਲੇ ਤੋਂ ਡਿਗਣੇ ਸ਼ੁਰੂ ਹੁੰਦੇ ਹਨ। ਔਰਤਾਂ ਦੇ ਕੇਸ ਵਿੱਚ ਵਾਲ਼ ਸਿਖਰ ਦੇ 1/3 ਹਿੱਸੇ ਤੋਂ ਲੈ ਕੇ ਹਿੱਸੇ ਤਕ ਡਿਗਦੇ ਹਨ। ਆਮ ਤੌਰ ’ਤੇ ਔਰਤਾਂ ਦੇ ਸਿਰ ਦੇ ਮੂਹਰਲੇ ਵਾਲ਼ ਠੀਕ ਅਵਸਥਾ ਵਿੱਚ ਰਹਿੰਦੇ ਹਨ। ਵਾਲ਼ਾਂ ਦੇ ਝੜਨ ਦੇ ਪਿੱਛੇ ਜਿੱਥੇ ਕਈ ਤਰ੍ਹਾਂ ਦੇ ਮੈਡੀਕਲ ਕਾਰਨ ਹੋ ਸਕਦੇ ਹਨ, ਜਿਵੇਂ ਥਾਇਰਾਇਡ ਸੰਬੰਧਤ ਰੋਗ, ਖ਼ੂਨ ਦੀ ਘਾਟ, ਪਰਸੂਤ ਦਿਨਾਂ ਵਿੱਚ, ਚਮੜੀ ਰੋਗ ਜਾਂ ਕੋਈ ਆਟੋ-ਇਮਿਊਨ ਵਿਗਾੜ। ਇਨ੍ਹਾਂ ਤੋਂ ਇਲਾਵਾ ਖਾਨਦਾਨੀ ਕਾਰਨ ਵੀ ਵਾਲ਼ਾਂ ਦੇ ਝੜਨ ਵਿੱਚ ਭੂਮਿਕਾ ਨਿਭਾ ਸਕਦੇ ਹਨ। ਤਣਾਅ, ਪਰੇਸ਼ਾਨੀ ਜਾਂ ਕਿਸੇ ਵਜ੍ਹਾ ਕਰਕੇ ਹੋਇਆ ਉਦਾਸੀ ਰੋਗ ਵੀ ਵਾਲ਼ਾਂ ਦੇ ਝੜਨ ਦਾ ਸੰਭਾਵਤ ਕਾਰਨ ਬਣਦਾ ਹੈ। ਕਈ ਕੇਸਾਂ ਵਿੱਚ ਇਹ ਵੀ ਵੇਖਣ ਵਿੱਚ ਆਇਆ ਹੈ ਕਿ ਫ਼ੈਸ਼ਨ ਦੇ ਤੌਰ ’ਤੇ ਸਿੱਧੇ ਵਾਲ਼ਾਂ ਨੂੰ ਕੁੰਡਲਦਾਰ ਕਰਵਾਉਣ ਜਾਂ ਕੁੰਡਲਦਾਰ ਵਾਲ਼ਾਂ ਨੂੰ ਸਿੱਧੇ ਕਰਵਾਉਣ ਦੀ ਪ੍ਰਕਿਰਿਆ ਦੌਰਾਨ ਵਰਤੇ ਗਏ ਕੈਮੀਕਲ ਵੀ ਵਾਲ਼ਾਂ ਦੇ ਝੜਨ ਦੀ ਵਜ੍ਹਾ ਬਣ ਸਕਦੇ ਹਨ।ਵਾਲ਼ਾਂ ਨੂੰ ਝੜਨ ਤੋਂ ਰੋਕਣ ਵਾਸਤੇ ਇਨ੍ਹਾਂ ਦੇ ਡਿਗਣ ਦੇ ਕਾਰਨਾਂ ਨੂੰ ਪਛਾਣਨਾ ਬਹੁਤ ਲਾਜ਼ਮੀ ਹੁੰਦਾ ਹੈ। ਢੁਕਵੇਂ ਇਲਾਜ ਰਾਹੀਂ ਅਤੇ ਚੰਗਾ ਪੌਸ਼ਟਿਕ ਆਹਾਰ ਲੈਣ ਨਾਲ ਇਸ ਸਮੱਸਿਆ ਨੂੰ ਕਿਸੇ ਹੱਦ ਤਕ ਠੀਕ ਕੀਤਾ ਜਾ ਸਕਦਾ ਹੈ। ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਪੀੜ੍ਹਤ ਵਿਅਕਤੀ ਦੇ ਜੀਵਨ ਦੇ ਹਰ ਉਸ ਪਹਿਲੂ ਨੂੰ ਗਹਿਰਾਈ ਨਾਲ ਘੋਖਿਆ ਜਾਂਦਾ ਹੈ ਜੋ ਵਾਲ਼ ਡਿਗਣ ਦੀ ਵਜ੍ਹਾ ਬਣਦੇ ਹਨ। ਵਿਅਕਤੀ ਦਾ ਜੀਵਨ ਚਿੱਤਰਣ ਸੰਬੰਧੀ ਪੂਰੀ ਜਾਣਕਾਰੀ ਲਈ ਜਾਂਦੀ ਹੈ, ਜਿਵੇਂ ਕਿ ਉਸ ਦਾ ਸੁਭਾਅ, ਖਾਣ-ਪੀਣ ਦੀਆਂ ਆਦਤਾਂ, ਕੰਮ-ਕਾਰ ਦੀ ਕਿਸਮ, ਭੁੱਖ, ਪਿਆਸ, ਨੀਂਦ, ਕਬਜ਼ ਆਦਿ। ਨਾਲ ਹੀ, ਪੀੜ੍ਹਤ ਵਿਅਕਤੀ ਜਿਹੜੇ ਰੋਗਾਂ ਤੋਂ ਗ੍ਰਸਤ ਹੋਵੇ, ਉਨ੍ਹਾਂ ਸਭ ਰੋਗਾਂ ਦਾ ਮੁਲਾਂਕਣ ਵੀ ਕੀਤਾ ਜਾਂਦਾ ਹੈ। ਇੰਝ ਵਿਸਥਾਰਪੂਰਵਕ ਹਿਸਟਰੀ ਲੈਣ ਉਪਰੰਤ ਹੀ ਢੁਕਵੀਂ ਹੋਮਿਓਪੈਥਿਕ ਦਵਾਈ ਦੀ ਚੋਣ ਕੀਤੀ ਜਾ ਸਕਦੀ ਹੈ ਜੋ ਕਿ ਵਿਅਕਤੀ ਦੇ ਪੂਰੇ ਸਿਸਟਮ ਨੂੰ ਸੰਤੁਲਿਤ ਕਰਦਿਆਂ ਝੜਦੇ ਵਾਲ਼ਾਂ ਦੀ ਰੋਕਥਾਮ ਵਿੱਚ ਸਹਾਈ ਹੁੰਦੀ ਹੈ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579



**ਨਸ਼ਿਆਂ ਤੋਂ ਛੁਟਕਾਰਾ ਪਾਉ**

night & day recovery

**ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।**




***Night and Day Recovery Centre***

**Surrey's Choice Rehabilitation Centre**

**C: 778-855-3172, F: 778-395-4113**

14688-106 Ave. Surrey BC

info@nightanddayrecovery.ca www.nightanddayrecovery.ca




**ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ**

**ਹਾਈ ਕਲਾਸ ਜਿਊਲਰ**

**ਜਲੰਧਰ ਵਾਲੇ**

- ☆ CUSTOM MADE DIAMOND JEWELLERY OF:
- ☆ 10K, 14K,
- ☆ WHITE GOLD &
- ☆ PLATINUM.

Repairing, Polishing & Appraisals

**Step-in and see our exclusive collections of Singapore, India, Pakistan and Custom-made 22K Jewellery**

**OFFICIAL AGENTS OF RADO WATCHES**

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC

**Ph: 604-327-3132** FAX: 604-327-0335

PANORAMA WEST GROUP

# PANORAMA
## WEST GROUP PRESENTS...



Harjit S. Atwal
604-657-1729

RIVERSIDE VIEW

**NOW SELLING**

RIVERSIDE VIEW EMBRACES THE ARCHITECTURAL DESIGNS OF OUR 1 TO 4 BEDROOM TOWNHOMES & DUPLEXES.

**1960SF-2600SF**



www.amayaliving.ca
**Register Now**
**LUXURIOUS** 1, 2 & 3 Bedrooms
Condos & TownHomes

AMAYA LIVING

In Surrey



DOUGLAS GREENLIVING

www.douglasgreenliving.com



DOUGLAS GREEN LIVING EMBRACES THE ARCHITECTURAL DESIGNS OF OUR 1 TO 4 BEDROOM CONDOS AND TOWNHOMES.



www.panoramawesthomes.com
Email:infopanoramawesthomes.com

**Ph:778-885.6700**
**#101-15150-56Ave**
**Surrey, BC V3S 1B8**

## MBA Conracting Ltd



For Best Excavation Services
**Call:BOBBY ATWAL**
**604-825-9601**

## ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਸਾਡੇ ਨਾਲ ਸੰਪਰਕ ਕਰੋ



VIPRAN SANDHU
(Realtor)
PH 604-729-9011



ANEIL ATWAL
(Realtor)
(604) 537-3567

***RESIDENTIAL**
***COMMERCIAL**
***AGRICULTURAL**

Email:vipransandhu@gmail.com
Email:aneilatwal@gmail.com

Sharon Atwal
Notary Corporation


11925 80 Ave, Delta, BC V4C 1Y1
Email:S.ATWAL@HOTMAIL.COM

**Ph:604-366-2869**

**NOTARIZATIONS:**
- Certified True Copies
- Travel Consent Letters
- Affidavits, Statutory Declarations
- Letters of Invitation

**REAL ESTATE CONVEYANCING:**
- Sales, Purchases
- Mortgage Refinances
- Manufactured Home Transfers
- Private Mortgages
- Family Transfers

**PERSONAL PLANNING:**
- Wills
- Power of Attorneys



# ਭਾਰਤ:ਆਮ ਘਰਾਂ ਦੇ ਨੌਜਵਾਨ ਬੱਚਿਆਂ ਦੀ ਬਲੀ

ਸਾਬਕਾ ਗਵਰਨਰ ਸਤਿਆਪਾਲ ਮਲਿਕ ਨੇ ਇਸੇ ਵਿਸ਼ੇ 'ਤੇ ਕੁੱਝ ਪ੍ਰਗਟਾਵੇ ਕੀਤੇ ਹਨ ਜਿਨ੍ਹਾਂ ਵਿਚੋਂ ਜੇ ਸਿਆਸਤ ਕੱਢ ਦਿਤੀ ਜਾਵੇ ਤਾਂ ਗਲ ਇਹੀ ਨਿਕਲਦੀ ਹੈ ਕਿ ਜਵਾਨਾਂ ਦੀ ਜ਼ਿੰਦਗੀ ਦੀ ਸੁਰੱਖਿਆ ਪ੍ਰਤੀ ਸਰਕਾਰਾਂ ਨੂੰ ਕੋਈ ਚਿੰਤਾ ਨਹੀਂ। ਭਾਰਤ ਦੇ ਵੱਖ ਵੱਖ ਹਿੱਸਿਆਂ ਵਿਚ ਭਾਰਤੀ ਨਾਗਰਿਕਾਂ ਅੰਦਰ ਅਪਣੀਆਂ ਸਰਕਾਰਾਂ ਪ੍ਰਤੀ ਰੋਸ ਹੈ ਜਿਸ ਕਾਰਨ ਕੋਈ ਮਾਉਵਾਦੀ ਬਣ ਜਾਂਦਾ ਹੈ, ਕੋਈ ਜਿਹਾਦੀ ਤੇ ਕੋਈ ਖ਼ਾਲਿਸਤਾਨੀ।ਭਾਰਤ ਦੇ ਨਿਜ਼ਾਮੀ ਅਨੁਸਾਰ ਆਮ ਲੋਕਾਂ ਦੇ ਬੱਚਿਆਂ ਨੂੰ ਸਰਕਾਰੀ ਫੋਰਸਾਂ ਵਿੱਚ ਭਰਤੀ ਕਰਕੇ ਇਨਾ ਬਗਾਵਤੀ ਨੌਜਵਾਨਾਂ ਵਿਰੁੱਧ ਲੜਾਇਆ ਜਾਂਦਾ ਹੈ।

ਦੋਨੋ ਪਾਸੇ ਬੱਚੇ ਆਮ ਭਾਰਤੀ ਪ੍ਰੀਵਾਰਾਂ ਦੇ ਮਾਰੇ ਜਾਂਦੇ ਹਨ।ਪਰ ਸਿਆਸੀ ਆਗੂ ਆਪਣੀਂ ਸਿਆਸਤ ਖੇਡਦੇ ਰਹਿੰਦੇ ਹਨ ਪਰ ਇਨਾ ਦਾ ਕੋਈ ਬੱਚਾ ਨਾ ਤਾਂ ਫੌਜ ਵਿੱਚ ਹੁੰਦਾ ਹੈ ਨਾ ਹੀ ਕਿਸੇ ਹੋਰ ਏਜੰਸੀ ਵਿੱਚ ਹੁੰਦਾ ਹੈ ਜੋ ਫਰੰਟ ਤੇ ਲੜਾਈ ਲੜਦੇ ਹਨ।ਜਸੂਸੀ ਕਰਨ ਲਈ ਵੀ ਆਮ ਘਰਾਂ ਦੇ ਬੱਚੇ ਗੁਆਂਢੀ ਮੁਲਕਾਂ ਵਿੱਚ ਭੇਜੇ ਜਾਂਦੇ ਹਨ ਜਿਥੇ ਉਹ ਬਹੁਤ ਤਸ਼ੱਦਦ ਝੱਲਦੇ ਹਨ ਤੇ ਸਰਕਾਰਾਂ ਮਗਰੋਂ ਉਨਾ ਦੀ ਬਾਤ ਹੀ ਨਹੀਂ ਪੁੱਛਦੀਆਂ ਉਲਟਾ ਮੁਕਰ ਹੀ ਜਾਂਦੀਆਂ ਹਨ ਅਤੇ ਇਹ ਕਹਿ ਛੱਡਦੀਆਂ ਹਨ ਕਿ ਇਹ ਸਾਡਾ ਆਦਮੀਂ ਹੀ ਨਹੀਂ ਹੈ। ਜੇ ਭਾਰਤੀ ਸਿਆਸਤਦਾਨ ਇੰਨੇ ਹੀ ਦੇਸ਼ ਭਗਤ ਹਨ ਤਾਂ ਆਪਣੇਂ ਬੱਚੇ ਕਿਉਂ ਨਹੀਂ ਅਜਿਹੀਆਂ ਖਤਰਨਾਕ ਡਿਊਟੀਆਂ ਤੇ ਭੇਜਦੇ।ਸਗੋਂ ਇਹ ਸਿਆਸਤਦਾਨ ਆਪਣੇਂ ਬੱਚੇ ਬਾਹਰਲੇ ਮੁਲਕਾਂ ਵਿੱਚ ਸਥਾਪਤ ਕਰਦੇ ਹਨ।

ਪਹਿਲੀ ਗੱਲ ਤਾਂ ਇਹ ਹੈ ਕਿ ਭਾਰਤੀ ਜਾਂਚ ਏਜੰਸੀਆਂ ਆਪਣਾ ਕੰਮ ਸਹੀ ਨਹੀਂ ਕਰਦੀਆਂ। ਕਸ਼ਮੀਰ ਵਿੱਚ ਪਿਛਲੇ ਦਿਨੀ ਪੰਜ ਸਿੱਖ ਫੌਜੀਆਂ ਅਤੇ ਛੱਤੀਸਗੜ੍ਹ ਵਿਚ 11 ਜਵਾਨਾਂ ਦੀ ਮੌਤ ਦਾ ਕਾਰਨ ਸਰਕਾਰ ਦੀ ਲਾਪਰਵਾਹੀ ਹੈ ਕਿਉਂਕਿ ਖ਼ੁਫ਼ੀਆ ਏਜੰਸੀਆਂ ਕੋਲ ਅਗਾਊਂ ਜਾਣਕਾਰੀ ਹੀ ਨਹੀਂ ਸੀ। ਜਦ ਸਤਿਆਪਾਲ ਮਲਿਕ ਨੇ ਪੁਲਵਾਮਾ ਕਾਂਡ ਦਾ ਪ੍ਰਗਟਾਵਾ ਕੀਤਾ ਤਾਂ ਉਨ੍ਹਾਂ ਨੇ ਇਹ ਦਸਿਆ ਕਿ 25 ਕਿਲੋ ਆਰ. ਡੀ.ਐਕਸ ਚੁੱਕ ਕੇ ਇਕ ਗੱਡੀ ਇਕ ਮਹੀਨੇ ਵਾਸਤੇ ਕਸ਼ਮੀਰ ਵਿਚ ਘੁੰਮਦੀ ਰਹੀ ਤੇ ਕਿਸੇ ਨੂੰ ਉਸ ਬਾਰੇ ਕੋਈ ਅੰਦਾਜ਼ਾ ਹੀ ਨਹੀਂ ਸੀ। ਇਨ੍ਹਾਂ 45 ਜਵਾਨਾਂ ਦੀ ਮੌਤ ਸਰਕਾਰ ਦੀ ਨਾਲਾਇਕੀ ਦਾ ਸਬੂਤ ਸੀ ਪਰ ਇਸ ਕਾਂਡ ਨੂੰ ਬੀਜੇਪੀ ਦੇ ਪ੍ਰਚਾਰਕਾਂ ਨੇ ਪਾਕਿਸਤਾਨ ਉਤੇ ਹਮਲਾ ਕਰਨ ਦਾ ਕਾਰਨ ਬਣਾ ਕੇ ਚੋਣ ਅਖਾੜੇ ਦਾ ਵਿਸ਼ਾ ਬਣਾ ਲਿਆ। ਛੱਤੀਸਗੜ੍ਹ ਤੇ ਕਸ਼ਮੀਰ ਵਿਚ ਜਵਾਨਾਂ ਨੂੰ ਇਕ ਤੋਂ ਦੂਜੀ ਥਾਂ ਤੇ ਲਿਜਾਣ ਸਮੇਂ ਬਣਦੀ ਅਹਿਤਿਆਤ ਹੀ ਨਹੀਂ ਵਰਤੀ ਜਾਂਦੀ ਜਿਸ ਕਾਰਣ ਇਹ ਹਾਦਸੇ ਵਾਪਰਦੇ ਹਨ।ਕਿਉਂਕਿ ਇਹ ਜਵਾਨ ਇਨਾ ਦੇ ਸਕੇ ਨਹੀਂ ਸਗੋ ਗਰੀਬ ਪ੍ਰੀਵਾਰਾ ਵਿੱਚੋਂ ਰੋਜ਼ੀ ਰੋਟੀ ਵਾਸਤੇ ਨੌਕਰ ਭਰਤੀ ਹੁੰਦੇ ਹਨ।

ਅਸਲੀਅਤ ਇਹ ਕਿ ਸਰਕਾਰਾਂ ਵੱਲੋਂ ਸਿਆਸੀ ਮੁੱਦੇ ਜੋ ਸਹਿਜੇ ਹੀ ਸੁਲਝਾਏ ਜਾ ਸਕਦੇ ਹਨ ਉਨਾ ਨੂੰ ਸੁਲਝਾਉਣਾ ਹੀ ਨਹੀਂ ਚਾਹੁੰਦੀਆਂ ਤੇ ਜਦ ਮੁੱਦੇ ਸੁਲਗਦੇ ਰਹਿੰਦੇ ਹਨ ਤਾਂ ਉਹ ਖੁਲ੍ਹੀ ਬਗ਼ਾਵਤ ਦਾ ਰੂਪ ਧਾਰਨ ਕਰ ਲੈਂਦੇ ਹਨ। ਕਸ਼ਮੀਰ ਦੇ ਮਸਲੇ ਨੂੰ ਸੁਲਝਾਉਣ ਵਿਚ ਇਸ ਕਦਰ ਦੇਰੀ ਕੀਤੀ ਗਈ ਕਿ ਅੱਜ ਉਸ ਨੂੰ ਜੰਨਤ ਕੋਈ ਨਹੀਂ ਆਖ ਸਕਦਾ। ਧਾਰਾ 370 ਦੇ ਖ਼ਾਤਮੇ ਦੀ ਸਫ਼ਲਤਾ ਬਾਰੇ ਪੂਰਾ ਸੱਚ ਤਾਂ ਸਮਾਂ ਹੀ ਦਸੇਗਾ ਪਰ ਅੱਜ ਕਸ਼ਮੀਰੀਆਂ ਦਾ ਦਰਦ ਛਲਕਦਾ ਨਜ਼ਰ ਆਉਂਦਾ ਹੈ ਤੇ ਨਤੀਜਾ ਹੈ ਕਦੇ ਕਸ਼ਮੀਰੀ ਨੌਜਵਾਨਾ ਦੀ ਮੌਤ ਤੇ ਕਦੇ ਭਾਰਤੀ ਫੌਜ ਦੇ ਜਵਾਨਾ ਦੀ ਮੌਤ ਖਬਰਾਂ ਬਣ ਰਹੀਆਂ ਹਨ।

ਪੰਜਾਬ ਦੇ ਪਾਣੀਆਂ ਦਾ ਹੱਕ, ਰਾਜਧਾਨੀ ਦਾ ਹੱਕ, ਸਿੱਖਾਂ ਦੀ ਧਾਰਮਕ ਆਜ਼ਾਦੀ ਦੇ ਮੁਦਿਆਂ ਨੂੰ ਦਬਵਾਇਆ ਗਿਆ।ਇਹੀ ਕਹਾਣੀ ਛੱਤੀਸਗੜ੍ਹ ਦੀ ਘਟਨਾ ਦੀ ਹੈ। ਪਰ ਨੁਕਸਾਨ ਦੋਹੀਂ ਪਾਸੀਂ ਆਮ ਨਾਗਰਿਕਾਂ ਦਾ ਹੁੰਦਾ ਹੈ ਕਿਉਂਕਿ ਇਕ ਪਾਸੇ ਆਮ ਘਰਾਂ ਦਾ ਨੌਜਵਾਨ ਫ਼ੌਜੀ ਬਣਦਾ ਹੈ ਤੇ ਦੂਜੇ ਪਾਸੇ ਬਾਗ਼ੀ ਵੀ ਆਮ ਘਰਾਂ ਦੇ ਬੱਚੇ ਹੀ ਹੁੰਦੇ ਹਨ ਤੇ ਦੋਹਾਂ ਦੀ ਲੜਾਈ ਵਿਚ ਨੁਕਸਾਨ ਤਾਂ ਆਮ ਲੋਕਾਂ ਦਾ ਹੁੰਦਾ ਹੈ ਪੁੱਤ ਆਮ ਘਰਾਂ ਮਰਦੇ ਹਨ। ਸਿਆਸੀ ਪਾਰਟੀਆਂ ਦੇ ਲੋਕ ਇਨਾ ਦੀਆਂ ਲਾਸ਼ਾਂ ਤੇ ਸਿਆਸਤ ਕਰਦੇ ਹਨ।

ਸਤਿਆਪਾਲ ਮਲਿਕ ਦੇ ਖੁਲਾਸੇ ਦਾ ਮਤਲਬ ਸਰਕਾਰਾਂ ਦੀ ਨਿਖੇਧੀ ਕਰਨਾ ਨਹੀਂ ਬਲਕਿ ਗ਼ਲਤ ਫ਼ੈਸਲਿਆਂ ਤੇ ਰੀਤਾਂ ਨੂੰ ਬਦਲਣਾ ਹੀ ਇਕੋ ਇਕ ਮਕਸਦ ਹੈ।ਅਪਣੇ ਅੰਦਰ ਦੀਆਂ ਕਮਜ਼ੋਰੀਆਂ ਵਲ ਝਾਤ ਮਾਰਨ ਦਾ ਖ਼ਿਆਲ ਜਦ ਤਕ ਜੜ੍ਹਾਂ ਨਹੀਂ ਫੜਦਾ ਤਦ ਤਕ ਜਵਾਨ ਤੇ ਨੌਜਵਾਨ ਕੁਰਬਾਨ ਹੁੰਦੇ ਹੀ ਰਹਿਣਗੇ ਸਿਆਸਤ ਦਾਨਾ ਲਈ ਬਲੀ ਦੇ ਬੱਕਰੇ ਵੀ ਬਣਦੇ ਰਹਿਣਗੇ।

-ਗੁਰਦੇਵ ਸਿੰਘ

## (ਮੁੱਖ ਪੰਨੇ ਦੀ ਬਾਕੀ)

ਧਰਮ ਆਧਾਰਿਤ ਰਾਜ ਨਹੀਂ ਹੋਵੇਗਾ। ਇਹ ਸਾਰੇ ਪੰਜਾਬੀਆਂ ਦਾ ਹੋਵੇਗਾ- ਮੁਸਲਮਾਨਾਂ, ਹਿੰਦੂਆਂ, ਇਸਾਈਆਂ, ਦਲਿਤਾਂ, ਸਿੱਖਾਂ ਸਭ ਦਾ ਸਾਂਝਾ, ਸਾਰੇ ਪੰਜਾਬੀਆਂ ਦਾ ਅਤੇ ਪੰਜਾਬੀਆਂ ਲਈ ਹੋਵੇਗਾ। ਉਹਨਾਂ ਗ਼ੈਰ-ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਸਰਕਾਰੀ ਪ੍ਰਾਪੇਗੰਡੇ ਦਾ ਸ਼ਿਕਾਰ ਨਾ ਹੋਣ।

ਖਾਲਿਸਤਾਨ ਐਲਾਨਨਾਮੇ ਵਿੱਚ ਦਰਜ ਸਤਰਾਂ ਦਾ ਹਵਾਲਾ ਦੇਂਦਿਆਂ ਆਗੂਆਂ ਨੇ ਕਿਹਾ ਕਿ ਸਿੱਖ ਕੌਮ, ਉੱਥਲ-ਪੁੱਥਲ ਅਤੇ ਅਜਾਈਂ ਲਹੂ ਡੋਲ੍ਹਣ ਦੇ ਹੱਕ ਵਿੱਚ ਨਹੀਂ ਹੈ। ਆਗੂਆਂ ਨੇ ਪੰਜਾਬ ਅਤੇ ਦਿੱਲੀ ਦਰਮਿਆਨ ਟਕਰਾਅ ਨੂੰ ਗੱਲਬਾਤ ਰਾਹੀਂ ਸੁਲਝਾਉਣ ਅਤੇ ਹਕੂਮਤ ਨੂੰ ਦਮਨਕਾਰੀ ਸਾਧਨਾਂ ਦਾ ਸਹਾਰਾ ਲੈਣ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ।

ਪੰਥਕ ਸੰਗਠਨ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਪੰਜਾਬ ਵਿੱਚ ਖਾਲਿਸਤਾਨ ਦੀ ਲਹਿਰ ਨਾ ਹੋਣ ਦੇ ਦਾਅਵੇ 'ਤੇ ਤਿੱਖਾ ਪ੍ਰਤੀਕਰਮ ਕਰਦਿਆਂ ਕਿਹਾ ਕਿ ਅਮਿਤ ਸ਼ਾਹ ਨੂੰ ਸਿੱਖ ਅਵਾਮ ਅੰਦਰ ਆਜ਼ਾਦੀ ਦੀ ਭਾਵਨਾਵਾਂ ਦਾ ਸਹੀ ਪਤਾ ਲਗਾਉਣ ਲਈ ਜੂਨ ਮਹੀਨੇ ਵਿੱਚ ਪੰਜਾਬ ਆਉਣਾ ਚਾਹੀਦਾ ਹੈ।ਦਲ ਖਾਲਸਾ ਆਗੂ ਕੰਵਰਪਾਲ ਸਿੰਘ ਨੇ "ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੁੱਛਿਆ ਕਿ ਕੀ ਉਹ ਦੱਸਣਗੇ ਕਿ 'ਉਹ ਲਹਿਰ' ਨੂੰ ਕਿਵੇਂ ਪ੍ਰਭਾਸ਼ਿਤ ਕਰਦੇ ਹਨ। ਜੇਕਰ ਉਹ ਲਹਿਰ ਦੀ ਅਣਹੋਂਦ ਦਾ ਅੰਦਾਜ਼ਾ ਇਸ ਕਰਕੇ ਲਾ ਰਹੇ ਹਨ ਕਿ ਪੰਜਾਬ ਅੰਦਰ ਖ਼ੂਨ-ਖ਼ਰਾਬਾ ਨਹੀ ਹੋ ਰਿਹਾ, ਬੰਬ ਧਮਾਕੇ ਨਹੀਂ ਹੋ ਰਹੇ, ਅਤੇ ਨਾ ਹੀ ਕੋਈ ਹਫੜਾ-ਦਫੜੀ ਦਾ ਮਾਹੌਲ ਹੈ ਤਾਂ ਉਹ ਵੱਡੇ ਭੁਲੇਖੇ ਵਿੱਚ ਹਨ। ਕੰਵਰਪਾਲ ਸਿੰਘ ਨੇ ਅੱਗੇ ਕਿਹਾ ਕਿ ਕਿਸੇ ਵੀ ਮਿਸ਼ਨ ਦੀ ਪ੍ਰਾਪਤੀ ਲਈ ਇੱਛਾਵਾਂ ਅਤੇ ਭਾਵਨਾਵਾਂ ਨੂੰ ਆਪਣੇ ਜਿਉਂਦੇ ਤੇ ਜਾਗਦੇ ਹੋਣ ਦਾ ਸਬੂਤ ਦੇਣ ਲਈ ਹਮੇਸ਼ਾ ਹਿੰਸਕ ਤਰੀਕਿਆਂ ਰਾਹੀਂ ਦਿਖਾਵਾ ਕਰਨ ਦੀ ਲੋੜ ਨਹੀਂ ਹੁੰਦੀ।

ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਸੰਘਰਸ਼ ਦੇ ਮੌਜੂਦਾ ਦੌਰ ਦੌਰਾਨ ਸਿੱਖ ਆਪਣੇ ਤੀਹ ਹਜ਼ਾਰ ਭਰਾਵਾਂ ਨੂੰ ਗੁਆ ਚੁੱਕੇ ਹਨ ਅਤੇ ਉਹ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਵਿਅਰਥ ਨਹੀਂ ਜਾਣ ਦੇਣਗੇ। ਇਸ ਤੋਂ ਇਲਾਵਾ ਪ੍ਰਭੂਸੱਤਾ ਦਾ ਸੰਕਲਪ ਸਿੱਖ ਫਲਸਫੇ ਅਤੇ ਸਿਧਾਂਤਾਂ ਨਾਲ ਡੂੰਘਾ ਜੁੜਿਆ ਹੋਇਆ ਹੈ।

ਦਲ ਖਾਲਸਾ ਦੇ ਕਾਰਜਕਰਤਾਵਾਂ ਨੇ ਉਹਨਾਂ ਸਾਰਿਆਂ ਸਿੱਖ ਨਾਇਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਿਨ੍ਹਾਂ ਨੇ ਖਾਲਿਸਤਾਨ ਲਈ ਸ਼ਹਾਦਤ ਦਿੱਤੀ। ਪ੍ਰਬੰਧਕਾਂ ਨੇ ਉਨ੍ਹਾਂ ਸਾਰਿਆਂ ਨੂੰ ਵੀ ਯਾਦ ਕੀਤਾ ਜੋ ਖ਼ਾਲਿਸਤਾਨ ਦੇ ਸੰਘਰਸ਼ ਲਈ ਜੇਲ੍ਹਾਂ ਵਿੱਚ ਨਜ਼ਬੰਦ ਹਨ।ਅਰਦਾਸ ਦਲ ਖ਼ਾਲਸਾ ਦੇ ਸਾਬਕਾ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਕੀਤੀ ਉਪਰੰਤ ਪੰਥ ਸੇਵਕ ਆਗੂ ਭਾਈ ਦਲਜੀਤ ਸਿੰਘ, ਬਾਬਾ ਹਰਦੀਪ ਸਿੰਘ ਮਹਿਰਾਜ, ਭਾਈ ਰਜਿੰਦਰ ਸਿੰਘ ਮੁਗਲਵਾਲਾ ਅਤੇ ਹੋਰਨਾਂ ਨੇ ਸ਼ਹੀਦ ਗੁਰਦੇਵ ਸਿੰਘ ਉਸਮਾਨਵਾਲਾ ਦੇ ਬੇਟੇ ਸ਼ਰਨਜੀਤ ਸਿੰਘ, ਸ਼ਹੀਦ ਮਨਬੀਰ ਸਿੰਘ ਚਹੇੜੂ ਦੇ ਭਰਾ ਜਸਬੀਰ ਸਿੰਘ, ਸ਼ਹੀਦ ਤਰਸੇਮ ਸਿੰਘ ਕੋਹਾੜ ਦੀ ਸੁਪਤਨੀ ਪਰਮਜੀਤ ਕੌਰ, ਸ਼ਹੀਦ ਪਰਮਜੀਤ ਸਿੰਘ ਤੁਗਲਵਾਲਾ ਦੀ ਸੁਪਤਨੀ ਕੁਲਵਿੰਦਰ ਕੌਰ, ਸ਼ਹੀਦ ਬਲਜਿੰਦਰ ਸਿੰਘ ਰਾਜੂ ਤੇ ਮਾਤਾ ਬੀਬੀ ਸੁਰਜੀਤ ਕੌਰ, ਸ਼ਹੀਦ ਬਾਬਾ ਰਣਜੀਤ ਸਿੰਘ ਦਿਆਲਗੜ੍ਹ ਦੇ ਭਰਾ ਕੁਲਵੰਤ ਸਿੰਘ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ।ਨੌਜਵਾਨਾਂ ਨੇ ਸੰਗਤਾਂ ਨੂੰ ਆਪਣਾ ਸੰਦੇਸ਼ ਦੇਣ ਲਈ ਤਖ਼ਤੀਆਂ ਫੜੀਆਂ ਹੋਈਆਂ ਸਨ। ਇੱਕ ਬੈਨਰ ਉੱਤੇ ਲਿਖਿਆ ਸੀ: ਖਾਲਿਸਤਾਨ ਸਾਰੇ ਪੰਜਾਬੀਆਂ ਦਾ ਹੋਵੇਗਾ ਅਤੇ ਇਸ ਨੂੰ ਪ੍ਰਾਪਤ ਕਰਨ ਦੀਆਂ ਇੱਛਾਵਾਂ ਜਿਊਦੀਆਂ ਤੇ ਜਾਗਦੀਆਂ ਹਨ।ਪਾਰਟੀ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਦੇ ਕੁਦਰਤੀ ਸੋਮਿਆਂ ਖਾਸ ਕਰਕੇ ਦਰਿਆਈ ਪਾਣੀਆਂ ਦੀ ਲੁੱਟ ਬਾ-ਦਸਤੂਰ ਜਾਰੀ ਹੈ, ਲੋਕਾਂ ਦੇ ਜਾਇਜ਼ ਹੱਕਾਂ ਅਤੇ ਮੌਲਿਕ ਆਜ਼ਾਦੀ ਸਟੇਟ ਦੇ ਰਹਿਮਤ-ਕਰਮ 'ਤੇ ਹਨ, ਨੌਜਵਾਨਾਂ ਨੂੰ ਐਨ. ਐਸ਼.ਏ ਵਰਗੇ ਸਖ਼ਤ ਕਾਨੂੰਨਾਂ ਤਹਿਤ ਨਜ਼ਰਬੰਦ ਕੀਤਾ ਜਾ ਰਿਹਾ ਹੈ ਅਤੇ ਸਿੱਖ ਵਿਰੋਧੀ ਡੇਰਿਆਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਜਾਰੀ ਹੈ। ਸਿੱਖਾਂ ਨੂੰ ਛੱਡ ਕੇ ਹੋਰ ਕੋਈ ਪੰਜਾਬੀ ਪਰੇਸ਼ਾਨ ਨਹੀਂ ਹੈ ਅਤੇ ਇਹ ਗੱਲ ਸਾਨੂੰ ਪਰੇਸ਼ਾਨੀ ਦੇਂਦੀ ਹੈ।ਪਾਰਟੀ ਆਗੂਆਂ ਨੇ ਕਿਹਾ ਕਿ ਪਿਛਲੇ ਚਾਰ ਦਹਾਕਿਆਂ ਦੇ ਸੰਘਰਸ਼ ਦੌਰਾਨ ਪੰਜਾਬ ਨੇ ਕਾਫੀ ਖ਼ੂਨ-ਖਰਾਬਾ ਦੇਖਿਆ ਹੈ। ਅਸੀਂ ਉਨ੍ਹਾਂ ਸਾਰੇ ਨਿਰਦੋਸ਼ ਲੋਕਾਂ ਲਈ ਡੂੰਘੇ ਅਫਸੋਸ ਦਾ ਪ੍ਰਗਟਾਵਾ ਕਰਦੇ ਹਾਂ ਜੋ ਹਿੰਦ-ਪੰਜਾਬ ਦੀ ਜੰਗ ਦੀ ਭੇਟ ਚੜ੍ਹੇ ਹਨ।ਪਰਮਜੀਤ ਸਿੰਘ ਟਾਂਡਾ ਨੇ ਕਿਹਾ ਕਿ ਅਸੀਂ ਗ਼ੈਰ-ਸਿੱਖਾਂ ਦੇ ਮਨਾਂ ਵਿੱਚ ਖਾਲਿਸਤਾਨ ਸੰਘਰਸ਼ ਬਾਰੇ ਪੈਦਾ ਹੋ ਚੁੱਕੇ ਸਾਰੇ ਸ਼ੰਕੇ ਅਤੇ ਤੌਖਲੇ ਦੂਰ ਕਰਾਂਗੇ ।ਇਸ ਮੌਕੇ ਪਰਮਜੀਤ ਸਿੰਘ ਗਾਜੀ, ਗੁਰਨਾਮ ਸਿੰਘ ਮੂਨਕਾਂ, ਰਣਵੀਰ ਸਿੰਘ, ਸੁਰਜੀਤ ਸਿੰਘ ਖਾਲਿਸਤਾਨੀ, ਰਣਜੀਤ ਸਿੰਘ ਦਮਦਮੀ ਟਕਸਾਲ, ਬਲਵੰਤ ਸਿੰਘ ਗੋਪਾਲਾ ਆਦਿ ਹਾਜ਼ਰ ਸਨ।




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

ਦੇਗ ਤੇਗ ਫਤਿਹ

1890- SKEENA STREET, VANCOUVER, B.C., CANADA

PHONE (604) 254-2117, FAX: (604) 254-5309

ਪੰਥ ਕੀ ਜੀਤ

3 ਮਈ, ਦਿਨ ਬੁੱਧਵਾਰ........ਸਵੇਰ ਨੂੰ ਅਨੰਦ ਕਾਰਜ ਹੋਵੇਗਾ।
4 ਮਈ, ਦਿਨ ਵੀਰਵਾਰ........ਸਵੇਰ ਨੂੰ ਅਨੰਦ ਕਾਰਜ ਹੋਵੇਗਾ।
5 ਮਈ, ਦਿਨ ਸ਼ੁੱਕਰਵਾਰ.......ਸਵੇਰ ਨੂੰ ਅਨੰਦ ਕਾਰਜ ਹੋਵੇਗਾ।
6 ਮਈ, ਦਿਨ ਸ਼ਨਿੱਚਰਵਾਰ....ਸਵੇਰ ਨੂੰ ਅਨੰਦ ਕਾਰਜ ਹੋਵੇਗਾ।
6 ਮਈ, ਦਿਨ ਸ਼ਨਿੱਚਰਵਾਰ....ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਪਿਆਰਾ ਸਿੰਘ ਪਾਂਗਲੀ ਅਤੇ ਪਰਿਵਾਰ ਵਲੋਂ ਹੋਵੇਗੀ।
6 ਮਈ, ਦਿਨ ਸ਼ਨਿੱਚਰਵਾਰ....ਸ਼ਾਮ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਰਾਮ ਪਾਲ ਹਾਰਦੀ ਅਤੇ ਪਰਿਵਾਰ ਵਲੋਂ ਹੋਵੇਗੀ।
7 ਮਈ, ਦਿਨ ਐਤਵਾਰ........ਸਵੇਰ ਨੂੰ 9:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
7 ਮਈ, ਦਿਨ ਐਤਵਾਰ........ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਜਸਵਿੰਦਰ ਸਿੰਘ ਗੁਰਮ ਅਤੇ ਪਰਿਵਾਰ ਵਲੋਂ ਹਵੇਗੀ।
7 ਮਈ, ਦਿਨ ਐਤਵਾਰ........ਸ਼ਾਮ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਅਮਰਜੀਤ ਸਿੰਘ ਭਟੀ ਅਤੇ ਪਰਿਵਾਰ ਵਲੋਂ ਹੋਵੇਗੀ।
9 ਮਈ, ਦਿਨ ਮੰਗਲਵਾਰ......ਸ਼ਾਮ ਨੂੰ ਲੰਗਰ ਦੀ ਸੇਵਾ ਬੀਬੀ ਮਨਜੀਤ ਕੌਰ ਅਤੇ ਪਰਿਵਾਰ ਵਲੋਂ ਹੋਵੇਗੀ।
11 ਮਈ, ਦਿਨ ਵੀਰਵਾਰ......ਸਵੇਰ ਨੂੰ ਅਨੰਦ ਕਾਰਜ ਹੋਵੇਗਾ।
12 ਮਈ, ਦਿਨ ਸ਼ੁੱਕਰਵਾਰ.....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
13 ਮਈ, ਦਿਨ ਸ਼ਨਿੱਚਰਵਾਰ..ਸਵੇਰ ਨੂੰ ਅਨੰਦ ਕਾਰਜ ਹੋਵੇਗਾ।
14 ਮਈ, ਦਿਨ ਐਤਵਾਰ......ਸਵੇਰ ਨੂੰ 9:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
15 ਮਈ, ਦਿਨ ਸੋਮਵਾਰ.......ਸੰਗਰਾਂਦ ਹੈ, ਸ਼ਾਮ ਨੂੰ ਦੀਵਾਨ ਸਜਣਗੇ।
17 ਮਈ, ਦਿਨ ਬੁੱਧਵਾਰ.......ਸਵੇਰ ਨੂੰ ਅਨੰਦ ਕਾਰਜ ਹੋਵੇਗਾ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇਂ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ!

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਕਾਵਿ ਕਿਆਰੀ

## ਨੇਕ ਕਮਾਈ

ਕਰ ਲੈ ਨੇਕ ਕਮਾਈ ਸੀਨੇ ਠੰਡ ਇਹ ਪਾਊਗੀ,
ਪਾਪਾਂ ਵਾਲੀ ਮਾਇਆ ਹਰ ਵੇਲੇ ਤੜਫਾਊਗੀ।
ਭਾਈ ਲਾਲੋ ਵਾਂਗੂੰ ਕਰ ਕੇ ਵੱਖ ਕਮਾਈ ਬਈ,
ਦੁਨੀਆ ਕੋਲ ਤੈਨੂੰ ਮਿਲੂਗੀ ਵਡਿਆਈ ਬਈ,
ਚਾਰੇ ਪਾਸੇ ਜੰਤਾ ਜਸ ਤੇਰਾ ਹੀ ਗਾਊਗੀ,
ਕਰ ਲੈ ਨੇਕ ਕਮਾਈ ...
ਬੀ.ਪੀ. ਅਤੇ ਸ਼ੂਗਰ ਉਨ੍ਹਾਂ ਨੂੰ ਸਤਾਉਂਦੀ ਏ,
ਦਸ ਦਿਨ ਦੇ ਵੱਜ ਜਾਂਦੇ ਅਜੇ ਜਾਗ ਨਾ ਆਉਂਦੀ ਏ,
ਮਾਪਿਆਂ ਦੀ ਕਮਾਈ ਕਦ ਤੱਕ ਸਮਾਂ ਲੰਘਾਊਗੀ
ਕਰ ਲੈ ਨੇਕ ਕਮਾਈ ...
ਮਾਰ ਕੇ ਠੱਗੀਆਂ ਜਿਹੜੇ ਏਥੇ ਧਨ ਕਮਾਉਂਦੇ ਨੇ,
ਨੀਂਦ ਰਾਣੀ ਨਹੀਂ ਆਉਂਦੀ ਰਾਤਾਂ ਬੈਠ ਲੰਘਾਉਂਦੇ ਨੇ,
ਸੁੱਚੀ ਕਿਰਤ ਕੀਤੀ ਗੂੜੀ ਨੀਂਦ ਲਿਆਊਗੀ,
ਕਰ ਲੈ ਨੇਕ ਕਮਾਈ ....
ਸਿਰਜਣਹਾਰਾ ਤੇਰਾ ਏਥੇ ਸਭ ਕਝ ਵੇਖ ਬਈ,
ਰਹਿ ਨਾ ਜਾਈਂ ਬੰਦਿਆ ਕਦ ਏਸ ਭੁਲੇਖੇ ਬਈ,
ਪਰਖ਼ ਵਾਲੀ ਕਸਵੱਟੀ ਸਭ ਕੁਝ ਯਾਦ ਕਰਵਾਊਗੀ,
ਕਰ ਲੈ ਨੇਕ ਕਮਾਈ ....
ਖ਼ੂਨ ਚੂਸ ਕੇ ਲੋਕਾਂ ਦਾ ਫ਼ੇਰ ਪਰਦੇ ਪਾਉਂਦੇ ਨੇ,
ਮਾਲ-ਪੂੜਿਆਂ ਦੇ ਮਗਰ ਲੰਗਰ ਲਾਉਂਦੇ ਨੇ,
ਸੱਚੀ ਕਿਰਤ 'ਚ ਕੀਤੀ ਸੇਵਾ ਦਾਨ ਕਹਾਊਗੀ,
ਕਰ ਲੈ ਨੇਕ ਕਮਾਈ....
ਪਲਾਂ ਥੱਲੋ ਲੰਘਿਆਂ ਪਾਣੀ ਫੇਰ ਨਾ ਆਵੇ ਜੀ,
ਬੀਤ ਗਈ ਜਦ ਬਾਜ਼ੀ ਬੰਦਾ ਫਿਰ ਪਛੁਤਾਵੇ ਜੀ,
ਛੱਡ ਪੰਡਿਤਾਂ ਦਾ ਖਹਿੜਾ ਕਿਸਮਤ ਤਿਫਤ ਬਣਾਊਗੀ,
ਕਰ ਲੈ ਨੇਕ ਕਮਾਈ...

ਕੱਟੂ ਵਾਲਿਆਂ ਆਪਣੀ ਕਿਸਮਤ ਆਪ ਬਣਾਓ ਬਈ,
ਦੂਜਿਆਂ ਦੇ ਸਹਾਰੇ ਕਦੇ ਸਮਾਂ ਨਾ ਲੰਘਾਓ ਜੀ,
ਤੇਰੀ ਮਿਹਨਤ ਤੈਨੂੰ ਪੈਰਾਂ ਤੇ ਖੜਾਊਗੀ,
ਕਰ ਲੈ ਨੇਕ ਕਮਾਈ ਸੀਨੇ ਠੰਡ ਇਹ ਪਾਊਗੀ,
ਪਾਪਾਂ ਵਾਲੀ ਮਾਇਆ ਹਰ ਵੇਲੇ ਤੜਫੜਾਊਗੀ।

**-ਮਾਸਟਰ ਰਘਬੀਰ ਸਿੰਘ ਗਿੱਲ**

## ਚਾਣਕੇ ਦੀ ਚਲਾਕੀ

ਤਹਿ-ਸ਼ੁਦਾ ਬਣਾ ਕੇ 'ਗੇਮ' ਪਾਉਂਦਾ ਏ ਭੰਬਲਭੂਸੇ,
ਨਵਾਂ ਨਹੀਂਉਂ ਪਹਿਲਾਂ ਤੋਂ ਹੀ ਆਇਆ ਏ ਠਗਦਾ।
ਦਾਅ-ਪੇਚ ਜਾਣਦਾ ਏ ਸੌੜੀਆਂ ਸਿਆਸਤਾਂ ਦੇ,
ਸਿਰੇ ਦਾ ਮੱਕਾਰ ਤੇ ਚਲਾਕ ਸਾਰੇ ਜੱਗ ਦਾ।
ਮਿੱਥ ਲਏ 'ਨਿਸ਼ਾਨੇ' ਸਰ ਕਰਨੇ ਅਵੱਸ਼ ਹੁੰਦੇ,
ਕਰੇ ਨਾ ਤਰਸ ਉਹ ਪਲੀਤਾ ਲਾਉਣੋਂ ਅੱਗ ਦਾ।
ਹੋ ਕੇ ਜਜ਼ਬਾਤੀ ਭੋਲੇ ਫਸਦੇ ਭੁਲੇਖਿਆਂ 'ਚ,
ਵਾਕਫ਼ ਪੰਜਾਬੀਆਂ ਦੀ ਜਾਪੇ ਰਗ ਰਗ ਦਾ।
ਬਣਦੇ ਹਾਂ ਸੂਰਮੇ ਬਹਾਦਰੀ 'ਚ ਆਪਾਂ ਭਾਵੇਂ,
ਉਹਦੀਆਂ ਪਲੈਨਾਂ ਅੱਗੇ ਕੋਈ ਨਹੀਂ ਤਗਦਾ।
ਲੱਤ ਹੇਠੋਂ ਅਪਣੇ ਲੰਘਾਉਣ ਲਈ ਨਾਬਰਾਂ ਨੂੰ,
ਚਾਣਕਾ ਪੰਜਾਬ ਦੇ ਮਗਰ ਪਿਆ ਲਗਦਾ!

**ਤਰਲੋਚਨ ਸਿੰਘ ਦੁਪਾਲ ਪੁਰ**
**ਮੋ :001-408-915-1268**

## .ਗਜ਼ਲ

ਸਾਰੇ ਜਬ ਤੇ ਸਬੱਬ ਮੁਕਾ ਕੇ ਘਰ ਵਿੱਚੋਂ ਕੌਣ ਗਿਆ।
ਨੂੰਹਾਂ ਨੱਚੀਆਂ ਗਿੱਧਾ ਪਾ ਕੇ ਘਰ ਵਿੱਚੋਂ ਕੌਣ ਗਿਆ।
ਆਪਣੀਂ ਸ਼ਕਤੀ ਦਾ ਪ੍ਰਦਰਸ਼ਨ ਆਪਸ ਵਿੱਚ ਨਾ ਕਰਨਾ,
ਕੱਲੇ ਕੱਲੇ ਨੂੰ ਸਮਝਾ ਕੇ ਘਰ ਵਿੱਚੋਂ ਕੌਣ ਗਿਆ।
ਚੜ੍ਹਦੇ ਸੂਰਜ ਵਾਲੇ ਸੱਜਰੇ ਸੁਰਖ਼ ਸਵੇਰੇ ਦੇ ਕੇ ,
ਬੂਹੇ ਬੰਦਨਵਾਰ ਸਜਾ ਕੇ ਘਰ ਵਿੱਚੋਂ ਕੌਣ ਗਿਆ।
ਇਕ ਖ਼ੁਸ਼ਬੂ ਜੋ ਸਾਰੇ ਘਰ ਚੋਂ ਅਕਸਰ ਆਉਂਦੀ ਰਹਿੰਦੀ,
ਸਾਰੇ ਘਰ ਦੇ ਬੋਝ ਉਠਾ ਕੇ ਘਰ ਵਿੱਚੋਂ ਕੌਣ ਗਿਆ।
ਜਿੱਦਾਂ ਛੋਟੇ ਬੱਚੇ ਵਾਲਾ ਇੱਕ ਖਿਡੌਣਾ ਗੁੰਮਦਾ,
ਏਦਾਂ ਸਭ ਦਾ ਚੈਨ ਚੁਰਾ ਕੇ ਘਰ ਵਿੱਚੋਂ ਕੌਣ ਗਿਆ।
ਅਪਣੇਪਣ ਦਾ ਸ਼ਿਕਵਾ ਕੋਈ ਤੜਪ ਤੜਪ ਕੇ ਮਰਿਆ,
ਅੱਖਾਂ ਵਿੱਚੋਂ ਨੀਰ ਵਹਾ ਕੇ ਘਰ ਵਿੱਚੋਂ ਕੌਣ ਗਿਆ।
ਸਿਰਜਨਤਾ ਵਿੱਚ ਰਿਸ਼ਤੇਦਾਰੀ ਦਾ ਇਕ ਸੂਖ਼ਮ ਚਿੰਤਨ,
ਕਿਹੜਾ ਕਰਮਾਂ ਵਾਲਾ ਆ ਕੇ ਘਰ ਵਿੱਚੋਂ ਕੌਣ ਗਿਆ।
ਇਹ ਤਾਂ ਓਹੀ ਦਸ ਸਕਦਾ ਹੈ ਜਿਸ ਦੇ ਉਪੱਰ ਬੀਤੀ,
ਕਿੱਦਾਂ, ਕਿਉਂ ਤੇ ਕਿੰਝ ਭੁਲਾ ਕੇ ਘਰ ਵਿੱਚੋਂ ਕੌਣ ਗਿਆ।
ਉਮਰਾਂ ਤੀਕਰ ਲੋਅ ਦਾ ਇੱਕ ਸੰਕਲਪ ਬਣੇਗਾ ਸ਼ਕਤੀ,
ਬੁਝਦੇ ਹੋਏ ਦੀਪ ਜਗਾ ਕੇ ਘਰ ਵਿੱਚੋਂ ਕੌਣ ਗਿਆ।
ਕਿੰਨੀ ਹਿੰਮਤ, ਕਿੰਨਾ ਜਿਗਰਾ,ਇਸ ਵਿਚ ਰਖਣਾ ਪੈਂਦਾ,
ਸਾਰੇ ਸ਼ਿਕਵੇ ਚੈਨ ਭੁਲਾ ਕੇ ਘਰ ਵਿੱਚੋਂ ਕੌਣ ਗਿਆ।
ਰਿਸ਼ਤੇ ਨਾਤੇ ਸੱਜਣ,ਬਾਲਮ,ਸਭ ਕੁਝ ਹੁੰਦਿਆਂ ਸੁੰਦਿਆਂ,
ਆਪਣੀਂ ਅਰਥੀ ਆਪ ਉਠਾ ਕੇ ਘਰ ਵਿੱਚੋਂ ਕੌਣ ਗਿਆ।

**ਬਲਵਿੰਦਰ ਬਾਲਮ ਗੁਰਦਾਸਪੁਰ**

## ਸ਼ੁਕਰਾਨਾ

ਨਾ ਆਖ ਹਾਕਮਾ
ਤੂੰ ਹਰਜ਼ਾਨਾ
ਕਰ ਅੰਨਦਾਤੇ ਦਾ
ਤੂੰ ਸ਼ੁਕਰਾਨਾ
ਖ਼ੂਨ ਪਸੀਨੇ ਨਾਲ ਜੋ ਸਿੰਜੇ
ਇਹ ਇਕ-ਇਕ ਦਾਣਾ
ਫੇਰ ਫ਼ਸਲ ਨੂੰ ਵੇਖ ਨਿਸਰੀ
ਮੜਕ ਨਾਲ ਤੁਰੇ ਮਸਤਾਨਾ
ਅੰਬਰ ਪਾਟੇ, ਗੜ੍ਹੇਮਾਰੀ ਹੋਏ
ਜਾਪੇ ਜਿਉਂ ਮਸਾਣਾ
ਆਪ ਇਹ ਭੁੱਖਾ, ਕਰਜ਼ਾਈ
ਪਰ ਪਾਲੇ ਇਨਸਾਨਾਂ
ਨਾ ਆਖ ਹਾਕਮਾਂ
ਤੂੰ ਹਰਜ਼ਾਨਾ
ਕਰ ਅੰਨਦਾਤੇ ਦਾ ਸ਼ੁਕਰਾਨਾ।

**ਰੰਜੀਵਨ ਸਿੰਘ**
ਸੰਪਰਕ: 98150-68816

## ਡਰ

ਬਹੁਤ ਖ਼ੁਸ਼ ਸੀ ਕਿ ਮੈਂ
ਸ਼ੇਰ ਨੂੰ ਪਿੰਜਰੇ 'ਚ ਬੰਦ ਕਰ ਲਿਆ
ਸ਼ੇਰ ਦਹਾੜੇ, ਟੱਕਰਾਂ ਮਾਰੇ
ਮੈਂ ਖ਼ੁਸ਼ੀ ਮਨਾਵਾਂ
ਸ਼ੇਰ ਨੂੰ ਪਿੰਜਰੇ 'ਚ ਬੰਦ ਕਰ ਲਿਆ
ਸ਼ੇਰ ਨੇ ਟੱਕਰ ਮਾਰੀ
ਦਰਵਾਜ਼ਾ ਖੁੱਲ੍ਹ ਗਿਆ
ਉਹ ਮੇਰੇ ਪਿਛੇ ਭੱਜਿਆ
ਮੈਂ ਡਰਦਾ ਦਰਖ਼ਤ 'ਤੇ ਚੜ੍ਹ ਗਿਆ
ਸਾਹ ਨਾਲ ਸਾਹ ਨਾ ਰਲੇ
ਆਵਾਜ਼ ਮੇਰੀ ਨਿਕਲੇ ਨਾ
ਹੌਲੀ ਹੌਲੀ ਮੈਂ ਦਰਖ਼ਤ ਤੋਂ ਉਤਰਿਆ
ਸ਼ੇਰ ਮੇਰੇ ਪਿੱਛੇ ਭੱਜਿਆ
ਮੈਂ ਭੱਜ ਕੇ ਪਿੰਜਰੇ 'ਚ ਵੜਿਆ
ਗੇਟ ਬੰਦ ਕਰਕੇ ਅੰਦਰ ਖੜ੍ਹਿਆ
ਬਾਹਰ ਸ਼ੇਰ
ਪਿੰਜਰੇ 'ਚ ਮੈਂ
ਉੱਚੀ ਉੱਚੀ ਰੌਲਾ ਪਾਵਾਂ
ਮਾਂ ਮੈਨੂੰ ਬਚਾ ਲੈ ਕਹਿੰਦਾ ਜਾਵਾਂ
ਮਾਂ ਨੇ ਆਖਿਆ 'ਡਰ ਗਿਆ ਪੁੱਤ?
ਤਿਆਰ ਹੋ ਜਾ ਸਕੂਲ ਜਾਣਾ ਪੁੱਤ।'
ਮੈਂ ਸੋਚਿਆ ਸ਼ੇਰ ਭੱਜ ਗਿਆ ਹੋਣੈ
ਮਾਂ ਤੋਂ ਡਰ ਗਿਆ ਹੋਣੈ।

**ਰਾਜਿੰਦਰ ਜੈਦਕਾ**
**ਸੰਪਰਕ: 98729-42175**

## .ਗਜ਼ਲ

ਧੂੜ ਅੱਖਾਂ ਤੋਂ ਲਾਂਭੇ ਜਦੋਂ ਹੋ ਗਈ
ਵੇਖ ਲੈਣਾ ਨਜ਼ਾਰੇ ਬਦਲ ਜਾਣਗੇ
ਜੋਤ ਮੱਥੇ 'ਚ ਜਗਦੀ ਜੇ ਰੱਖੀ ਤੁਸੀਂ
ਇਹ ਹਨੇਰੇ ਵੀ ਚਾਨਣ 'ਚ ਢਲ਼ ਜਾਣਗੇ।
ਅੱਗ ਦਾ ਹੈ ਸੁਭਾਅ ਸਾੜ ਦੇਣਾ ਇਹਨੇ
ਬਲ਼ ਪਈ ਜੇ ਕਿਤੇ ਫੇਰ ਬੁਝਣੀ ਨਹੀਂ
ਇਹ ਨਾ ਸੋਚੋ ਕਿ ਸਾੜੇਗੀ ਸਾਡੇ ਹੀ ਘਰ
ਘਰ ਤੁਹਾਡੇ ਵੀ ਵਿੱਚੇ ਹੀ ਜਲ਼ ਜਾਣਗੇ।
ਮਾਣ ਮਿੱਟੀ ਦਾ ਕੀ ਇਹ ਤਾਂ ਖੁਰ ਜਾਏਗੀ
ਭੁਰਦਿਆਂ ਭੁਰਦਿਆਂ ਅੰਤ ਭੁਰ ਜਾਏਗੀ
ਇਹ ਹਮੇਸ਼ਾ ਨਾ ਐਦਾਂ ਹੀ ਰਹਿਣੇ ਸਜੇ
ਜਿਸਮ ਮਿੱਟੀ ਨੇ ਮਿੱਟੀ 'ਚ ਰਲ਼ ਜਾਣਗੇ।
ਆਲਣੇ 'ਚੋਂ ਪਰਿੰਦੇ ਜੋ ਉੱਡੇ ਨੇ ਹੁਣ
ਚੋਗ ਚੁਗ ਕੇ ਨਾ ਇਨ੍ਹਾਂ ਨੇ ਮੁੜਨਾ ਕਦੇ
ਪੇਟ ਖ਼ਾਤਰ ਜੋ ਪਰਵਾਸ ਕੱਟਦੇ ਪਏ
ਇਹ ਪਰਿੰਦੇ ਵੀ ਉਨ੍ਹਾਂ 'ਚ ਰਲ਼ ਜਾਣਗੇ।
ਵਕਤ ਦੇ ਨਾਲ਼ ਜੇਕਰ ਨਾ ਬਦਲੇ ਤੁਸੀਂ
ਸੇਧ ਇਤਿਹਾਸ ਤੋਂ ਜੇ ਨਾ ਹਾਸਿਲ ਕਰੀ
ਸੋਚ ਜੇਕਰ ਤੁਹਾਡੀ ਜੰਗਾਲੀ ਰਹੀ
ਇਹ ਜ਼ਖੀਰੇ ਦਿਮਾਗ਼ਾਂ ਦੇ ਗਲ਼ ਜਾਣਗੇ।

**ਰਾਜਦੀਪ ਸਿੰਘ ਤੂਰ**
**ਸੰਪਰਕ: 97803-00247**



# ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ 'ਚ ਸੁਪਰੀਮ ਕੋਰਟ ਦੇ ਨਿਰਦੇਸ਼ ਮਗਰੋਂ ਹੁਣ ਭਾਰਤ ਸਰਕਾਰ ਨਿਭਾਵੇ ਆਪਣੀ ਜ਼ੁੰਮੇਵਾਰੀ:ਐਡਵੋਕੇਟ ਧਾਮੀ

ਅੰਮ੍ਰਿਤਸਰ-ਪਿਛਲੇ ਲਗਭਗ 28 ਸਾਲਾਂ ਤੋਂ ਜੇਲ੍ਹ ਵਿਚ ਨਜ਼ਰਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਕੇਸ ਵਿਚ ਸੁਪਰੀਮ ਕੋਰਟ ਵੱਲੋਂ ਦਿੱਤੇ ਗਏ ਫੈਸਲੇ 'ਤੇ ਪ੍ਰਤੀਕਰਮ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਹੁਣ ਕੇਂਦਰ ਸਰਕਾਰ ਦੀ ਜ਼ੁੰਮੇਵਾਰੀ ਹੈ ਕਿ ਉਹ ਭਾਈ ਰਾਜੋਆਣਾ ਦੀ ਸਜ਼ਾ ਤਬਦੀਲ ਕਰਦਿਆਂ ਉਸ ਨੂੰ ਰਿਹਾਅ ਕਰਨ ਦਾ ਐਲਾਨ ਕਰੇ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਭਾਈ ਰਾਜੋਆਣਾ ਦੇ ਕੇਸ ਵਿਚ ਗ੍ਰਹਿ ਮੰਤਰਾਲੇ ਨੂੰ ਫੈਸਲਾ ਲੈਣ ਲਈ ਨਿਰਦੇਸ਼ ਦਿੱਤੇ ਹਨ, ਇਸ ਲਈ ਹੁਣ ਸਰਕਾਰ ਨੇ ਕਾਰਵਾਈ ਕਰਨੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਭਾਰਤ ਸਰਕਾਰ ਨੇ ਭਾਈ ਰਾਜੋਆਣਾ ਦੀ ਸਜ਼ਾ ਤਬਦੀਲੀ ਸਬੰਧੀ ਪਹਿਲਾਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਨੋਟੀਫਿਕੇਸ਼ਨ ਜਾਰੀ ਕੀਤਾ ਹੋਇਆ ਹੈ, ਜਿਸ ਦੇ ਮੱਦੇਨਜ਼ਰ ਸਰਕਾਰ ਨੂੰ ਤੁਰੰਤ ਫੈਸਲਾ ਲੈਣਾ ਚਾਹੀਦਾ ਹੈ। ਸਰਕਾਰ ਆਪਣੇ 2019 ਦੇ ਇਸ ਨੋਟੀਫਿਕੇਸ਼ਨ ਨੂੰ ਲਾਗੂ ਕਰਕੇ ਇਸ ਦੇ ਨਾਲ ਹੀ ਭਾਈ ਰਾਜੋਆਣਾ ਦੀ ਰਿਹਾਈ ਦਾ ਵੀ ਫੈਸਲਾ ਲਵੇ, ਕਿਉਂਕਿ ਉਹ ਉਮਰ ਕੈਦ ਤੋਂ ਜ਼ਿਆਦਾ ਸਜ਼ਾ ਭੁਗਤ ਚੁੱਕੇ ਹਨ। ਜੇਲ੍ਹ 'ਚ



ਨਜ਼ਰਬੰਦੀ ਦੌਰਾਨ ਭਾਈ ਰਾਜੋਆਣਾ ਨੂੰ ਪੈਰੋਲ ਤੋਂ ਵੀ ਵਾਂਝਿਆਂ ਰੱਖਿਆ ਗਿਆ ਹੈ।ਐਡਵੋਕੇਟ ਧਾਮੀ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਸਿੱਖ ਆਗੂਆਂ ਨੂੰ ਵੀ ਭਾਈ ਰਾਜੋਆਣਾ ਦੇ ਮਾਮਲੇ ਪ੍ਰਤੀ ਸਰਕਾਰ 'ਤੇ ਦਬਾਅ ਬਣਾਉਣਾ ਚਾਹੀਦਾ ਹੈ। ਇਹ ਭਾਜਪਾ ਵਿਚ ਸ਼ਾਮਲ ਸਿੱਖ ਆਗੂਆਂ ਲਈ ਪਰਖ ਦੀ ਘੜੀ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਕੌਮੀ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਇਕਬਾਲ ਸਿੰਘ ਲਾਲਪੁਰਾ ਲਈ ਵੀ ਆਪਣੇ ਫ਼ਰਜ਼ ਨਿਭਾਉਣ ਦਾ ਸਮਾਂ ਹੈ। ਕਿਉਂਕਿ ਕੌਮੀ ਘਟਗਿਣਤੀ ਕਮਿਸ਼ਨ ਦੀ ਜ਼ੁੰਮੇਵਾਰੀ ਘਟਗਿਣਤੀ ਕੌਮਾਂ ਦੇ ਹੱਕਾਂ ਤੇ ਹਿੱਤਾਂ ਦੀ ਪਾਲਣਾ ਕਰਵਾਉਣਾ ਹੈ, ਇਸ ਲਈ ਸ. ਲਾਲਪੁਰਾ ਜਵਾਬਦੇਹ ਹਨ।ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਬੰਦੀ ਸਿੱਖਾਂ ਦੇ ਮਾਮਲਿਆਂ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ, ਜਿਸ ਕਰਕੇ ਸਿੱਖ ਕੌਮ ਅੰਦਰ ਭਾਰੀ ਰੋਸ ਹੈ।






## ਭਲਵਾਨਾਂ ਦੀ ਹਮਾਇਤ ਕਰ ਰਹੀਆਂ ਵਿਦਿਆਰਥਣਾਂ ਨੂੰ ਘੜੀਸਿਆ

ਨਵੀਂ ਦਿੱਲੀ: ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ 'ਤੇ ਯੌਨ ਸ਼ੋਸ਼ਣ ਦਾ ਦੋਸ਼ ਲਾਉਣ ਵਾਲੇ ਭਲਵਾਨਾਂ ਦੀ ਹਮਾਇਤ 'ਚ ਬੁੱਧਵਾਰ ਮਾਰਚ ਕੱਢ ਰਹੀਆਂ ਦਿੱਲੀ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਨੂੰ ਪੁਲਸ ਨੇ ਹਿਰਾਸਤ 'ਚ ਲੈ ਲਿਆ। ਵਿਦਿਆਰਥਣਾਂ ਨੇ ਪੁਲਸ 'ਤੇ ਬਦਸਲੂਕੀ ਅਤੇ ਘਸੀਟਣ ਤੇ ਕੁੱਟਮਾਰ ਦਾ ਦੋਸ਼ ਲਾਇਆ ਹੈ। ਇਸ ਦੌਰਾਨ ਕਈ ਵਿਦਿਆਰਥਣਾਂ ਦੇ ਕੱਪੜੇ ਪਾਟ ਗਏ। ਭਲਵਾਨ ਸਾਕਸ਼ੀ ਮਲਿਕ ਨੇ ਇਸ ਦੀ ਨਿੰਦਾ ਕਰਦਿਆਂ ਕਿਹਾ ਕਿ ਮਹਿਲਾ ਭਲਵਾਨਾਂ ਦਾ ਯੌਨ ਸ਼ੋਸ਼ਣ ਕਰਨ ਵਾਲਾ ਖੁੱਲ੍ਹਾ ਘੁੰਮ ਰਿਹਾ ਹੈ ਤੇ ਭਲਵਾਨਾਂ ਦੀ ਹਮਾਇਤ ਕਰਨ ਵਾਲਿਆਂ ਨੂੰ ਪੁਲਸ ਫੜ ਰਹੀ ਹੈ। ਇਸੇ ਦੌਰਾਨ ਜੰਤਰ-ਮੰਤਰ 'ਤੇ ਧਰਨਾ ਦੇ ਰਹੇ ਭਲਵਾਨਾਂ ਨੇ ਦਿੱਲੀ ਪੁਲਸ ਦੀ ਸਕਿਉਰਟੀ ਵਾਪਸ ਕਰ ਦਿੱਤੀ ਹੈ, ਜਿਹੜੀ ਸੁਪਰੀਮ ਕੋਰਟ ਦੇ ਹੁਕਮ 'ਤੇ ਦਿੱਤੀ ਗਈ ਸੀ। ਭਲਵਾਨਾਂ ਨੇ ਕਿਹਾਜੇ ਅਸੀਂ ਜੰਤਰ-ਮੰਤਰ 'ਤੇ ਵੀ ਸੁਰੱਖਿਅਤ ਨਹੀਂ ਤਾਂ ਕਿਤੇ ਵੀ ਸੁਰੱਖਿਅਤ ਨਹੀਂ।ਇਸ ਦੌਰਾਨ ਧਰਨੇ ਵਿਚ ਪੁੱਜੀਆਂ ਮਹਿਲਾਵਾਂ ਨੇ ਊਸ਼ਾ ਨੂੰ ਘੇਰ ਕੇ ਖਰੀਆਂ-ਖਰੀਆਂ ਸੁਣਾਈਆਂ। ਇਸ ਤੋਂ ਪਹਿਲਾਂ ਊਸ਼ਾ ਨੇ 27 ਅਪਰੈਲ ਨੂੰ ਕਿਹਾ ਸੀ ਕਿ ਭਲਵਾਨਾਂ ਨੂੰ ਪ੍ਰਦਰਸ਼ਨ ਕਰਨ ਦੀ ਥਾਂ ਉਸ ਨਾਲ ਸੰਪਰਕ ਕਰਨਾ ਚਾਹੀਦਾ ਸੀ। ਪ੍ਰਦਰਸ਼ਨ ਕਾਰਨ ਦੇਸ਼ ਦਾ ਅਕਸ ਖਰਾਬ ਹੋ ਰਿਹਾ ਹੈ।

## ਮਹਾਤਮਾ ਗਾਂਧੀ ਦੇ ਪੋਤੇ ਅਰੁਣ ਗਾਂਧੀ ਦਾ ਦੇਹਾਂਤ

ਮੁੰਬਈ:-ਰਾਸ਼ਟਰਪਿਤਾ ਮਹਾਤਮਾ ਗਾਂਧੀ ਦੇ ਪੋਤੇ ਅਰੁਣ ਗਾਂਧੀ ਦਾ ਮਹਾਰਾਸ਼ਟਰ ਦੇ ਕੋਲਹਾਪੁਰ 'ਚ ਦੇਹਾਂਤ ਹੋ ਗਿਆ।ਉਹ 89 ਸਾਲ ਦੇ ਸਨ।ਪਰਿਵਾਰਕ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਪਰਿਵਾਰਕ ਸੂਤਰਾਂ ਨੇ ਦੱਸਿਆ ਕਿ ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ। ਅਰੁਣ ਗਾਂਧੀ ਦੇ ਬੇਟੇ ਤੁਸ਼ਾਰ ਗਾਂਧੀ ਨੇ ਦੱਸਿਆ ਕਿ ਲੇਖਕ ਅਤੇ ਸਮਾਜਿਕ-ਰਾਜਨੀਤਕ ਕਾਰਕੁਨ ਅਰੁਣ ਗਾਂਧੀ ਦਾ ਅੰਤਮ ਸੰਸਕਾਰ ਅੱਜ ਕੋਲਹਾਪੁਰ ਵਿੱਚ ਕੀਤਾ ਜਾਵੇਗਾ। ਅਰੁਣ ਗਾਂਧੀ ਦਾ ਜਨਮ 14 ਅਪਰੈਲ 1934 ਨੂੰ ਡਰਬਨ ਵਿੱਚ ਹੋਇਆ ਸੀ।ਉਹ ਮਨੀਲਾਲ ਗਾਂਧੀ ਅਤੇ ਸੁਸ਼ੀਲਾ ਮਸ਼ਰੂਵਾਲਾ ਦੇ ਪੁੱਤਰ ਸਨ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

**ਸਵੇਰੇ**
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ

**ਸ਼ਾਮ ਦੇ ਦੀਵਾਨ**
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**
ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

### ਇਸ ਹਫਤੇ ਦੇ ਪ੍ਰੋਗਰਾਮ

ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਗੁਰੂ ਅਰਜਨ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਵੇਗਾ ਅਤੇ ਨਗਰ ਮਹਿਲ ਖੁਰਦ ਜਿਲਾ ਬਰਨਾਲਾ ਦੀ ਸੰਗਤ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ ਜਿਹਨਾਂ ਦੀ ਆਰੰਭਤਾ ਦਿਨ ਸ਼ੁੱਕਰਵਾਰ ਮਈ 5 ਨੂੰ ਹੋਵੇਗੀ ਅਤੇ ਭੋਗ ਦਿਨ ਐਤਵਾਰ ਮਈ 7 ਨੂੰ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ, ਗੁਰੂ ਕਾ ਲੰਗਰ ਅਤੁੱਟ ਵਰਤੇਗਾ।



*5 ਮਈ ਦਿਨ ਸ਼ੁੱਕਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:
1. ਭਾਈ ਅਵਤਾਰ ਸਿੰਘ ਪਰਵਾਰ ਵੱਲੋਂ
2. ਬੀਬੀ ਗੁਰਪ੍ਰੀਤ ਕੌਰ ਸਿੱਧੂ ਪਰਿਵਾਰ ਵੱਲੋਂ ਆਪਣੇ ਬੇਟੇ ਤਾਜ ਸਿੰਘ ਸਿੱਧੂ ਦੇ 19ਵੇਂ ਜਨਮ ਦਿਨ ਦੀ ਖੁਸ਼ੀ ਵਿੱਚ ਹੋਵੇਗੀ।

*6 ਮਈ ਦਿਨ ਸ਼ਨਿਚਰਵਾਰ ਕਾਕਾ ਅਮਨਦੀਪ ਸਿੰਘ ਅਤੇ ਬੱਚੀ ਮਨਜਿੰਦਰ ਕੌਰ ਦਾ ਅਨੰਦਕਾਰਜ ਹੋਵੇਗਾ।

*6 ਮਈ ਦਿਨ ਸ਼ਨਿਚਰਵਾਰ ਅੰਤਮ ਸੰਸਕਾਰ ਸਵ. ਭਾਈ ਇੰਦਰਪਾਲ ਸਿੰਘ ਗਰੇਵਾਲ ਸਵੇਰੇ 10 ਵਜੇ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ, ਭੋਗ 11.30 ਵਜੇ ਸਿੰਘ ਸਭਾ ਗੁਰਦਵਾਰਾ ਸਾਹਿਬ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*6 ਮਈ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:
1. ਭਾਈ ਅਵਤਾਰ ਸਿੰਘ ਤੂਰ 2. ਭਾਈ ਅੰਮ੍ਰਿਤ ਸਿੰਘ ਪਰਿਵਾਰ

*7 ਮਈ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 3 ਪਰਿਵਾਰਾਂ ਵੱਲੋਂ ਹੋਵੇਗੀ:
1. ਭਾਈ ਜਸਦੀਪ ਸਿੰਘ 2. ਭਾਈ ਤਰਸੇਮ ਸਿੰਘ 3. ਭਾਈ ਅਵਤਾਰ ਸਿੰਘ

*7 ਮਈ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਤਜਿੰਦਰ ਸਿੰਘ ਪਰਿਵਾਰ ਵੱਲੋਂ ਅਨੰਦਕਾਰਜ ਦੀ ਖੁਸ਼ੀ ਵਿਚ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ ਕਥਾਵਾਚਕ:ਭਾਈ ਨਛੱਤਰ ਸਿੰਘ ਭਾਂਬੜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ ਸੁਲਤਾਨਪੁਰ ਲੋਧੀ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 604-590-3224, ਫੈਕਸ:604-572-3276**

# ਹਸਗੁੱਲੇ

*ਡਾਕਟਰ (ਮਰੀਜ਼ ਨੂੰ) ਤੁਹਾਨੂੰ ਆਉਣ ਵਿੱਚ ਦੇਰ ਹੋ ਗਈ ਹੈ।

ਮਰੀਜ਼:- ਕੀ ਹੋਇਆ ਡਾਕਟਰ ਸਾਹਿਬ, ਮੇਰੇ ਕੋਲ ਕਿੰਨਾ ਸਮਾਂ ਰਹਿ ਗਿਆ ਹੈ?

ਡਾਕਟਰ - ਤੁਸੀਂ ਮਰ ਨਹੀਂ ਰਹੇ ਹੋ, 6 ਵਜੇ ਆਉਂਣਾ ਸੀ, 7 ਵਜੇ ਆਏ ਹੋ..

*******

ਇੱਕ ਚੂਹਾ ਸ਼ਰਾਬ ਦੇ ਗਲਾਸ ਵਿੱਚ ਡਿੱਗ ਪਿਆ ...

ਇੱਕ ਬਿੱਲੀ ਉੱਥੋਂ ਲੰਘ ਰਹੀ ਸੀ।

ਚੂਹੇ ਨੇ ਬਿੱਲੀ ਨੂੰ ਕਿਹਾ - ਮੈਨੂੰ ਇੱਥੋਂ ਕੱਢ ਦਿਓ, ਫਿਰ ਭਾਵੇਂ ਇਹ ਮੈਨੂੰ ਖਾ ਲਵੀਂ।

ਬਿੱਲੀ ਨੇ ਗਲਾਸ ਵਿੱਚ ਲੱਤ ਮਾਰ ਕੇ ਗਲਾਸ ਸੁੱਟ ਦਿੱਤਾ।ਚੂਹਾ ਬਾਹਰ ਭੱਜਿਆ ਅਤੇ ਖੁੱਡ ਵਿੱਚ ਵੜ੍ਹ ਗਿਆ।

ਬਿੱਲੀ ਨੇ ਕਿਹਾ - ਝੂਠਾ, ਧੋਖੇਬਾਜ਼, ਤੂੰ ਕਹਿ ਰਿਹਾ ਸੀ ਮੈਨੂੰ ਬਾਹਰ ਕੱਢਦੇ ਫਿਰ, ਭਾਵੇਂ ਖਾ ਲਈਂ!

ਚੂਹਾ:ਮੁਸਕਰਾਇਆ ਅਤੇ ਕਿਹਾ - ਗੁੱਸਾ ਨਾ ਕਰ, ਮੈਂ ਉਸ ਸਮੇਂ ਸ਼ਰਾਬੀ ਸੀ।

*******

ਇੱਕ ਪਿੰਡ ਵਿੱਚ ਹੜ੍ਹ ਆਇਆ ਤਾਂ ਮੀਡੀਆ ਵਾਲੇ ਸਰਪੰਚ ਕੋਲ ਗਏ ਤੇ ਬੋਲੇ, ''ਤੁਹਾਡੇ ਪਿੰਡ ਦੀ ਆਬਾਦੀ ਸਰਕਾਰੀ ਰਜਿਸਟਰ ਵਿੱਚ 500 ਹੈ, ਪਰ ਨਦੀ ਵਿੱਚੋਂ 900 ਲੋਕਾਂ ਨੂੰ ਕੱਢਿਆ ਗਿਆ ਹੈ, ਅਜਿਹਾ ਕਿਵੇਂ?''ਸਰਪੰਚ, ''ਰਜਿਸਟਰ ਦਾ ਹਿਸਾਬ ਸਹੀ ਹੈ, ਗੱਲ ਇਹ ਹੈ ਕਿ ਪਿੰਡ ਵਾਲਿਆਂ ਨੇ ਕਦੇ ਹੈਲੀਕਾਪਟਰ ਨਹੀਂ ਦੇਖਿਆ, ਫੌਜੀ ਇਨ੍ਹਾਂ ਨੂੰ ਕਿਨਾਰੇ ਉੱਤੇ ਲੈ ਕੇ ਆਉਂਦੇ ਹਨ ਤੇ ਇਹ ਹੈਲੀਕਾਪਟਰ ਵਿੱਚ ਚੜ੍ਹਨ ਲਈ ਫਿਰ ਪਾਣੀ ਵਿੱਚ ਛਾਲ ਮਾਰ ਦਿੰਦੇ ਹਨ।''

*******

ਮੰਗਤਾ,''ਸਾਬ੍ਹ, 20 ਰੁਪਏ ਦਿਓ ਨਾ, ਕੌਫ਼ੀ ਪੀਣੀ ਹੈ।''

ਆਦਮੀ,''...ਪਰ ਕੌਫ਼ੀ ਤਾਂ 10 ਰੁਪਏ ਦੀ ਆਉਂਦੀ ਹੈ।''

ਭਿਖਾਰੀ, ''ਮੇਰੀ ਗਰਲ ਫਰੈਂਡ ਵੀ ਨਾਲ ਹੈ ਨਾ।''

ਆਦਮੀ, ''ਓਏ! ਮੰਗਤਾ ਹੋ ਕੇ ਤੂੰ ਗਰਲ ਫਰੈਂਡ ਵੀ ਬਣਾਈ ਹੈ।''

ਭਿਖਾਰੀ, ''ਨਹੀਂ ਜੀ, ਗਰਲ ਫਰੈਂਡ ਨੇ ਮੈਨੂੰ ਭਿਖਾਰੀ ਬਣਾ ਦਿੱਤਾ ਹੈ।''

*******

ਪੱਪੂ, ''ਯਾਰ! ਉਹ ਲੜਕੀ ਮੈਨੂੰ ਬੋਲ਼ੀ ਲੱਗਦੀ ਹੈ?''

ਚੰਪੂ, ''ਕਿਉਂ ਕੀ ਗੱਲ?''

ਪੱਪੂ, ''ਯਾਰ! ਕੱਲ੍ਹ ਮੈਂ ਉਸ ਨੂੰ 'ਆਈ ਲਵ ਯੂ' ਕਿਹਾ ਤੇ ਅੱਗੋਂ ਕਹਿੰਦੀ 'ਕੱਲ੍ਹ ਹੀ ਨਵੇਂ ਸੈਂਡਲ ਖਰੀਦੇ ਹਨ'।''

*******

ਸੋਨੂੰ (ਮੋਨੂੰ ਨੂੰ), ''ਤੈਨੂੰ ਪਤਾ ਹੈ ਕਿ ਵਿਆਹੇ ਲੋਕ ਅਖ਼ਬਾਰ ਵਿੱਚ ਆਪਣਾ ਰਾਸ਼ੀਫਲ ਨਹੀਂ ਦੇਖਦੇ।''

ਮੋਨੂੰ, ''ਅਜਿਹਾ ਕਿਉਂ?''

ਸੋਨੂੰ, ''ਅਜਿਹੇ ਲੋਕ ਪਤਨੀ ਦਾ ਚਿਹਰਾ ਦੇਖ ਕੇ ਹੀ ਸਮਝ ਲੈਂਦੇ ਹਨ ਕਿ ਦਿਨ ਕਿਵੇਂ ਦਾ ਲੰਘੇਗਾ।''

*******

ਪਿਓ-ਪੁੱਤਰ 5 ਤੋਂ ਬਾਅਦ ਕੀ ਆਉਂਦਾ ਹੈ?

ਪੁੱਤਰ:6 ਅਤੇ 7 ਪਾਪਾ!

ਪਿਤਾ:ਸ਼ਾਬਾਸ਼ ਬੇਟਾ ਮੈਂ ਬਹੁਤ ਖੁਸ਼ ਹਾਂ

6, 7 ਤੋਂ ਬਾਅਦ ਕੀ ਆਉਂਦਾ ਹੈ!

ਪੁੱਤਰ - 8, 9, 10

ਪਿਤਾ: ਅਤੇ ਉਸ ਤੋਂ ਬਾਅਦ?

ਪੁੱਤਰ:ਅਤੇ ਫਿਰ ਗੁਲਾਮ, ਬੇਗਮ ਤੇ ਬਾਦਸ਼ਾਹ!

*******

ਇੱਕ ਭਿਖਾਰੀ ਨੂੰ 100 ਦਾ ਨੋਟ ਮਿਲਿਆ।ਉਸ ਨੇ ਪੰਜ ਤਾਰਾ ਹੋਟਲ ਵਿੱਚ ਜਾ ਕੇ ਰੱਜ ਕੇ ਖਾਣਾ ਖਾਧਾ।1500 ਰੁਪਏ ਦਾ ਬਿੱਲ ਆਇਆ ਤਾਂ ਉਸ ਨੇ ਮੈਨੇਜਰ ਨੂੰ ਕਿਹਾ, ਪੈਸੇ ਨਹੀਂ ਹਨ!ਮੈਨੇਜਰ ਨੇ ਉਸ ਭਿਖਾਰੀ ਨੂੰ ਪੁਲਿਸ ਹਵਾਲੇ ਕਰ ਦਿੱਤਾ।ਭਿਖਾਰੀ ਨੇ ਬਾਹਰ ਜਾ ਕੇ ਪੁਲਿਸ ਨੂੰ 100 ਦਾ ਨੋਟ ਦੇ ਦਿੱਤਾ ਅਤੇ ਘਰ ਚਲਾ ਗਿਆ।ਇਸ ਨੂੰ ਕਹਿੰਦੇ ਹਨ...ਭਾਰਤ ਵਿੱਚ ਰੁਪਏ ਦੀ ਸਹੀ ਵਰਤੋਂ, ਘੱਟ ਖਰਚ ਕੇ ਵੱਧ ਫਾਇਦਾ ਕਮਾਉਣਾ।

*******

ਨੂੰਹ ਨੇ ਆਪਣੇ ਸਹੁਰੇ ਨੂੰ ਕਿਹਾ- ਪਿਤਾ ਜੀ, ਇਲਾਇਚੀ ਖਤਮ ਹੋ ਗਈ, ਤੁਸੀਂ ਲੈ ਕੇ ਆਓਗੇ?

ਸਹੁਰਾ- ਬੇਟਾ ਇਲਾਇਚੀ ਤੇਰੀ ਸੱਸ ਦਾ ਨਾਂ ਹੈ, ਸਾਡੇ ਘਰ ਬਜ਼ੁਰਗਾਂ ਦਾ ਨਾਂ ਨਹੀਂ ਲਿਆਂ ਜਾਂਦਾ।

ਨੂੰਹ: ਪਿਤਾ ਜੀ ਅਗਲੀ ਵਾਰੀ ਖਿਆਲ ਰੱਖਾਂਗੀ!

ਨੂੰਹ - ਪਿਤਾ ਜੀ, ਮਾਂ, ਖਤਮ ਹੋ ਗਈ ਹੈ, ਬਜ਼ਾਰ ਤੋਂ ਲੈ ਆਇਉ!

**************

ਪ੍ਰੇਮੀ, ''ਕਿਸੇ ਨੇ ਸੱਚ ਕਿਹਾ ਹੈ ਕਿ ਚੋਰੀ ਕਰੋਗੇ ਤਾਂ ਜ਼ਿੰਦਗੀ ਭਰ ਪਛਤਾਓਗੇ।''

ਪ੍ਰੇਮਿਕਾ, ''ਸੱਚ ਹੀ ਤਾਂ ਹੈ, ਮੈਂ ਦੋ ਸਾਲ ਪਹਿਲਾਂ ਤੇਰਾ ਦਿਲ ਚੋਰੀ ਕੀਤਾ ਸੀ, ਹੁਣ ਪਛਤਾ ਰਹੀ ਹਾਂ।''

ਡਾਕੂ (ਔਰਤ ਨੂੰ)-ਸਾਰੇ ਗਹਿਣੇ ਕੱਢ ਦੇ ਚੁੱਪ ਕਰਕੇ...। ਔਰਤ-ਲੈ ਫੜ ਝੁਮਕੇ, ਲੈ ਫੜ ਕਾਂਟੇ, ਲੈ ਫੜ ਮੰਗਲ ਸੂਤਰ..., ਲੈ ਚੂੜੀ ਵੀ ਲੈ ਲਾ... ਚੈਨ ਵੀ ਲੈ ਲਾ... ਲੈ ਨੱਕ ਦਾ ਕੋਕਾ ਵੀ ਲੈ ਲਾ... ਸਭ ਕੁਝ ਲੈ ਲਾ ਤੇ ਸਾਰਾ ਕੁਝ ਪਾ ਕੇ ਕੁੜੀ ਬਣ ਜਾ ਕੰਜਰਾ...।

ਡਾਕੂ-ਭੈਣ ਜੀ, ਤੁਸੀਂ ਤਾਂ ਸੀਰੀਅਸ ਹੀ ਹੋ ਗਏ...।

**************

ਇਕ ਮੁਰਗੀ ਦਾ ਰਿਸ਼ਤਾ ਕਾਂ ਨਾਲ ਹੋ ਗਿਆ।

ਜਦੋਂ ਮੁਰਗੇ ਨੂੰ ਪਤਾ ਲੱਗਾ ਤਾਂ ਉਹ ਮੁਰਗੀ ਕੋਲ ਗਿਆ ਤੇ ਬੋਲਿਆ, 'ਮੇਰੇ ਵਿਚ ਕੀ ਕਮੀ ਆ? ਸੋਹਣਾ ਆਂ, ਕਾਵਾਂ ਨਾਲੋਂ ਜ਼ਿਆਦਾ ਖ਼ੂਬਸੂਰਤ ਆਂ, ਮੇਰੀ ਆਵਾਜ਼ ਪੂਰੇ ਸ਼ਹਿਰ 'ਚ ਗੂੰਜਦੀ ਆ, ਮੁਰਗਿਆਂ ਦੀ ਯੂਨੀਅਨ ਦਾ ਪ੍ਰਧਾਨ ਆਂ...।' ਮੁਰਗੀ-ਜੀ! ਮੈਂ ਤੁਹਾਡੇ ਜਜ਼ਬਾਤਾਂ ਦੀ ਕਦਰ ਕਰਦੀ ਆਂ। ਪਰ ਮੇਰੇ ਮਾਤਾ-ਪਿਤਾ ਦੀ ਖਾਹਿਸ਼ ਆ ਕਿ ਮੁੰਡਾ ਏਅਰ ਫੋਰਸ ਵਿਚ ਹੋਵੇ।

**************

ਅਮਲੀ-ਡਾਕਟਰ ਸਾਹਿਬ, ਇਹ ਪਲਾਸਟਿਕ ਸਰਜਰੀ 'ਤੇ ਕਿੰਨੇ ਪੈਸੇ ਲਗਦੇ? ਡਾਕਟਰ-80 ਹਜ਼ਾਰ।

ਅਮਲੀ-ਡਾਕਟਰ ਸਾਹਿਬ, ਜੇ ਪਲਾਸਟਿਕ ਅਸੀਂ ਦੇ ਦਈਏ ਫਿਰ? ਡਾਕਟਰ-ਭਾਈ, ਪਲਾਸਟਿਕ ਮੈਨੂੰ ਦੇਣ ਦੀ ਕੀ ਲੋੜ ਆ? ਤੱਤੀ ਕਰਕੇ ਆਪੇ ਹੀ ਮੂੰਹ 'ਤੇ ਥੱਪ ਲਵੀਂ।

**************

ਪਤੀ (ਪਤਨੀ ਨੂੰ), ''ਇਹ ਕੀ, ਇਕ ਹੋਰ ਸੂਟ ਲੈ ਆਈ?..ਅਜੇ ਪਰਸੋਂ ਹੀ ਤਾਂ..।''

ਪਤਨੀ ਚੀਕ ਕੇ ਬੋਲੀ, ''ਕੀ ਕਿਹਾ..ਪਰਸੋਂ ਕੀ?

ਬੋਲੋ ਕੀ ਕਿਹਾ ਤੁਸੀਂ..ਕੀ ਪਰਸੋਂ, ਪਰਸੋਂ ਕੀ.. ਬੋਲੋ।'' ਪਤੀ, ''ਕੁਝ ਨਹੀਂ, ਮੈਂ ਤਾਂ ਬਸ ਇਹੋ ਕਹਿ ਰਿਹਾ ਸੀ ਕਿ ਪਰਸੋਂ ਵੀ ਇਕ ਸੂਟ ਲਿਆਈ ਸੀ, ਅੱਜ ਦੋ ਲੈ ਆਉਂਦੀ।''

**************

ਵਸੀਮ ਰੋ ਰਿਹਾ ਸੀ।

ਪਾਪਾ, ''ਕਿਉਂ ਰੋ ਰਿਹਾ ਏਂ ਬੇਟਾ?''

ਵਸੀਮ, ''ਮੇਰੇ 100 ਰੁਪਏ ਗੁੰਮ ਹੋ ਗਏ।''

ਪਾਪਾ, ''ਕੋਈ ਗੱਲ ਨਹੀਂ, ਇਹ ਲੈ 100 ਰੁਪਏ। ਇਨ੍ਹਾਂ ਨੂੰ ਸੰਭਾਲ ਕੇ ਰੱਖ।'' ਵਸੀਮ ਹੋਰ ਜ਼ੋਰ ਨਾਲ ਰੋਣ ਲੱਗਾ। ਪਾਪਾ, ''ਕੀ ਹੋਇਆ?''

ਵਸੀਮ, ''ਪਹਿਲਾਂ ਪਤਾ ਹੁੰਦਾ ਤਾਂ 1000 ਰੁਪਏ ਕਹਿੰਦਾ।''

*********

ਇੱਕ ਵਾਰ ਕੁਮਾਰ ਮਾਈਕ੍ਰੋਸਾਫਟ ਕੰਪਨੀ ਵਿੱਚ ਇੰਟਰਵਿਊ ਦੇਣ ਗਿਆ।

ਇੰਟਰਵਿਊ ਲੈਣ ਵਾਲਾ, ''ਜਾਵਾ ਦੇ ਚਾਰ ਰੂਪ ਦੱਸੋ।''

ਕੁਮਾਰ, 'ਮਰ ਜਾਵਾਂ, ਮਿਟ ਜਾਵਾਂ, ਲੁਟ ਜਾਵਾਂ ਅਤੇ ਸਦਕੇ ਜਾਵਾਂ।''

ਇੰਟਰਵਿਊ ਲੈਣ ਵਾਲਾ, ''ਸਾਬਾਸ਼! ਏਥੋਂ ਸਿੱਧਾ ਘਰ ਜਾਵਾਂ ਕਹਿ ਕੇ ਵਾਪਸ ਤੁਰ ਪਓ।''

*********

ਮੱਛਰਾਂ ਤੋਂ ਤੰਗ ਆ ਕੇ ਪੰਮਾ ਦਵਾਈਆਂ ਦੀ ਦੁਕਾਨ ਉੱਤੇ ਗਿਆ।

ਕੈਮਿਸਟ, ''ਹਾਂ ਜੀ ਦੱਸੋ ਕੀ ਚਾਹੀਦਾ ਹੈ?''

ਪੰਮਾ, ''ਜ਼ਹਿਰ ਦੀ ਗੋਲੀ।''

ਕੈਮਿਸਟ, ''ਕਿਉਂ?''

ਪੰਮਾ, ''ਰਾਤ ਮੱਛਰ ਬਹੁਤ ਕੱਟਦੇ ਹਨ। ਖਾ ਕੇ ਸੌਂਵਾਗਾ। ਕੱਟਣਗੇ ਤਾਂ ਕੰਬਖਤ ਸਾਰੇ ਮਰ ਜਾਣਗੇ।''

*********

ਪਤਨੀ (ਪਤੀ ਨੂੰ), ''ਜਦੋਂ ਮੈਂ ਤੁਹਾਡੇ ਕੋਲ ਆਉਂਦੀ ਹਾਂ, ਤੁਸੀਂ ਨਜ਼ਰ ਦੀ ਐਨਕ ਕਿਉਂ ਲਾਉਂਦੇ ਹੋ?''

ਪਤੀ, ''ਡਾਕਟਰ ਨੇ ਕਿਹਾ ਹੈ ਕਿ ਜਦੋਂ ਸਿਰਦਰਦ ਮਹਿਸੂਸ ਹੋਵੇ ਤਾਂ ਐਨਕ ਲਗਾਇਆ ਕਰ।''

*********

ਪਾਪਾ - ਬੇਟਾ, ਅਮਰੀਕਾ ਵਿੱਚ 15 ਸਾਲ ਦੇ ਬੱਚੇ ਵੀ ਆਪਣੇ ਪੈਰਾਂ ਤੇ ਖੜ੍ਹ ਜਾਂਦੇ ਹਨ...!

ਪੱਪੂ - ਪਰ ਪਾਪਾ, ਭਾਰਤ ਵਿੱਚ ਤਾਂ ਇੱਕ ਸਾਲ ਦਾ ਹੈ ਬੱਚਾ ਦੌੜਨਾ ਸ਼ੁਰੂ ਕਰ ਦਿੰਦਾ ਹੈ...

*****

ਪਤਨੀ ਨੇ ਪਤੀ ਨੂੰ ਮਾਰਿਆ ਜ਼ੋਰਦਾਰ ਥੱਪੜ...!

ਪਤੀ ਨੇ ਉਠ ਕੇ ਪੁੱਛਿਆ - ਮੈਂ ਕੀ ਗਲਤੀ ਕੀਤੀ...?

ਪਤਨੀ - ਕੀ ਹੁਣ ਮੈਂ ਇੰਤਜ਼ਾਰ ਕਰਾਂ ਕਿ ਤੁਸੀ ਗਲਤੀ ਕਰੋ!

*****

ਪੱਪੂ ਦਾਰੂ ਪੀ ਕੇ ਤਾਲਾ ਖੋਲ੍ਹਣ ਲੱਗਾ, ਪਰ ਹੱਥ ਕੰਬਣ ਦੀ ਵਜ੍ਹਾ ਨਾਲ ਤਾਲਾ ਨਹੀਂ ਖੁੱਲ੍ਹ ਰਿਹਾ ਸੀ।

ਬੰਟੀ ਬੋਲਿਆ, ''ਮੈਂ ਖੋਲ੍ਹ ਦਿਆਂ?''

ਪੱਪੂ, ''ਨਹੀਂ, ਮੈਂ ਖੋਲ੍ਹ ਲਵਾਂਗਾ, ਤੂੰ ਬਸ ਘਰ ਨੂੰ ਫੜ ਕੇ ਰੱਖ, ਬਹੁਤ ਹਿੱਲ ਰਿਹੈ।''

*****

ਪੱਪੂ ਆਪਣੇ ਸਹੁਰੇ ਗੁਰੂ ਦੇ ਪ੍ਰਵਚਨ ਸੁਣਨ ਗਿਆ। ਗੁਰੂ ਜੀ ਬੋਲੇ, ''ਜਿਹੜੇ ਲੋਕ ਸਵਰਗ ਜਾਣਾ ਚਾਹੁੰਦੇ ਹਨ, ਉਹ ਹੱਥ ਉਪਰ ਕਰੋ।''

ਪੱਪੂ ਦੀ ਸੱਸ ਤੇ ਪਤਨੀ ਨੇ ਹੱਥ ਉਪਰ ਕਰ ਦਿੱਤੇ।

ਗੁਰੂ ਜੀ ਨੇ ਪੱਪੂ ਨੂੰ ਪੁੱਛਿਆ, ''ਕੀ ਤੂੰ ਸਵਰਗ ਨਹੀਂ ਜਾਣਾ ਚਾਹੁੰਦਾ?''

ਪੱਪੂ, ''ਗੁਰੂ ਜੀ! ਇਹ ਦੋਵੇਂ ਚਲੀਆਂ ਜਾਣਗੀਆਂ, ਮੇਰਾ ਤਾਂ ਇੱਥੇ ਹੀ ਸਵਰਗ ਹੋ ਜਾਵੇਗਾ।''

*****

ਇੱਕ ਦਸ ਸਾਲ ਦਾ ਬੱਚਾ ਬਹੁਤ ਧਿਆਨ ਨਾਲ ਇੱਕ ਕਿਤਾਬ ਪੜ੍ਹ ਰਿਹਾ ਸੀ, ਜਿਸ ਦਾ ਟਾਈਟਲ ਸੀ 'ਬੱਚਿਆਂ ਦਾ ਪਾਲਣ-ਪੋਸ਼ਣ ਕਿਵੇਂ ਕਰੀਏ?''

ਬੱਚੇ ਦੀ ਮਾਂ, ''ਤੂੰ ਇਸ ਕਿਤਾਬ ਨੂੰ ਕਿਉਂ ਪੜ੍ਹ ਰਿਹਾ ਹੈਂ?''

ਬੱਚਾ, ''ਮੈਂ ਇਹ ਦੇਖਣਾ ਚਾਹੁੰਦਾ ਹਾਂ ਕਿ ਮੇਰਾ ਪਾਲਣ-ਪੋਸ਼ਣ ਠੀਕ ਢੰਗ ਨਾਲ ਹੋ ਰਿਹਾ ਹੈ ਕਿ ਨਹੀਂ।''

*****

ਇੱਕ ਦੋਸਤ (ਦੂਸਰੇ ਦੋਸਤ ਨੂੰ), ''ਯਾਰ, ਮੇਰੀ ਪਤਨੀ ਬਹੁਤ ਖਰਚੀਲੇ ਸੁਭਾਅ ਦੀ ਹੋ ਗਈ ਹੈ, ਆਏ ਦਿਨ ਕਦੇ 1000, ਕਦੇ 2000 ਰੁਪਏ ਮੰਗਦੀ ਰਹਿੰਦੀ ਹੈ।

ਦੋਸਤ ,''ਤੇਰੀ ਪਤਨੀ ਇੰਨੇ ਪੈਸਿਆਂ ਦਾ ਕਰਦੀ ਕੀ ਹੈ?'' ਪਹਿਲਾ ਦੋਸਤ, ''ਕੀ ਪਤਾ, ਮੈਂ ਕਦੀ ਦਿੱਤੇ ਤਾਂ ਹੈ ਨਹੀਂ?''

*****

ਸਹੁਰਾ (ਜੁਆਈ ਨੂੰ), ''ਬੇਟਾ, ਮੇਰੀ ਧੀ ਦਾ ਖਿਆਲ ਰੱਖਣਾ, ਇਸ ਦੀਆਂ ਅੱਖਾਂ ਵਿੱਚੋਂ ਕਦੀ ਹੰਝੂ ਨਾ ਆਉਣ।''

ਜੁਆਈ, ''ਠੀਕ ਹੈ ਜੀ, ਪਿਆਜ਼ ਮੈਂ ਕੱਟ ਦਿਆ ਕਰਾਂਗਾ, ਪਰ ਭਾਂਡੇ ਇਸ ਨੂੰ ਮਾਂਜਣੇ ਪੈਣਗੇ।''

*****

ਇੱਕ ਗ਼ਰੀਬ ਆਦਮੀ ਦੁਖੀ ਹੋ ਕੇ ਬੋਲਿਆ, ''ਹੇ ਰੱਬਾ, ਇਸ ਜ਼ਿੰਦਗੀ ਨਾਲੋਂ ਤਾਂ ਮੌਤ ਚੰਗੀ ਹੈ।

ਅਚਾਨਕ ਉਸ ਵੇਲੇ ਯਮਦੂਤ ਆਇਆ ਤੇ ਬੋਲਿਆ, ''ਚੱਲ ਤੇਰੀ ਜਾਨ ਲੈਣ ਆਇਆ ਹਾਂ।''

ਗ਼ਰੀਬ ਆਦਮੀ (ਯਮਦੂਤ ਨੂੰ), ''ਲਓ ਜੀ! ਅੱਜ ਗ਼ਰੀਬ ਆਦਮੀ ਮਜ਼ਾਕ ਵੀ ਨਹੀਂ ਕਰ ਸਕਦਾ।''

*****

ਪਤਨੀ- ਉੱਠ, ਸਵੇਰ ਹੋ ਗਈ।

ਪਤੀ-ਅੱਖਾਂ ਨਹੀਂ ਖੁੱਲ੍ਹ ਰਹੀਆਂ, ਕੁਝ ਅਜਿਹਾ ਬੋਲੋ ਕਿ ਨੀਂਦ ਉੱਡ ਜਾਵੇ।

ਪਤਨੀ- ਜਿਸ ਨਾਲ ਤੂੰ ਰਾਤ ਨੂੰ ਚੈਟਿੰਗ ਕਰਦਾ ਸੀ, ਉਹ ਮੇਰੀ ਦੂਜੀ ਆਈ.ਡੀ.ਹੈ! ਹੁਣ ਗਰੀਬ ਪਤੀ ਨੂੰ 3 ਦਿਨਾਂ ਤੋਂ ਨੀਂਦ ਨਹੀਂ ਆ ਰਹੀ ਹੈ।

*****

ਇੱਕ ਕੰਜੂਸ ਆਪਣੇ ਬੱਚੇ ਨੂੰ ਕੁੱਟ ਰਿਹਾ ਸੀ।

ਗੁਆਂਢੀ ਨੇ ਪੁੱਛਿਆ ਕਿ ਤੁਸੀਂ ਬੱਚੇ ਨੂੰ ਕਿਉਂ ਮਾਰ ਰਹੇ ਹੋ?

ਕੰਜੂਸ- ਤੁਸੀਂ ਨਹੀਂ ਜਾਣਦੇ ਇਹ ਕਿੰਨਾ ਸ਼ਰਾਰਤੀ ਹੈ।

ਇਹ ਮੇਰੀ ਇੱਕ ਗੱਲ ਨਹੀਂ ਸੁਣਦਾ?

ਗੁਆਂਢੀ- ਅਜਿਹਾ ਕੀ ਹੋਇਆ?

ਕੰਜੂਸ- ਮੈਂ ਇਹ ਕਿਹਾ ਸੀ ਕਿ ਇੱਕ ਪੌੜੀ ਛੱਡ ਕੇ ਚੜ੍ਹਿਆ ਕਰ ਚੱਪਲ ਘਿੱਸ ਜਾਊਗੀ?

ਇਹ ਤਾਂ ਦੋ -ਦੋ ਪੌੜੀਆ ਛੱਡ ਕੇ ਚੜਨ ਲੱਗ ਪਿਆ ਅਤੇ ਪੰਜਾਮਾ ਪਾੜ ਲਿਆ।






# ਕਰਨਾਟਕ ’ਚ ਜਿੱਤੇ ਤਾਂ ਬਜਰੰਗ ਦਲ ’ਤੇ ਪਾਬੰਦੀ ਲਾਵਾਂਗੇ:ਕਾਂਗਰਸ




ਬੇਂਗਲੁਰੂ:ਕਾਂਗਰਸ ਦੀ ਕਰਨਾਟਕ ਇਕਾਈ ਨੇ ਮੰਗਲਵਾਰ ਰਾਜ ਵਿਧਾਨ ਸਭਾ ਚੋਣਾਂ ਲਈ ਜਾਰੀ ਮੈਨੀਫੈਸਟੋ ’ਚ ਸਰਕਾਰ ਬਣਨ ’ਤੇ ਬਜਰੰਗ ਦਲ ਤੇ ਪੀ ਐੱਫ ਆਈ ਵਰਗੀਆਂ ਧਰਮ ਦੇ ਨਾਂਅ ’ਤੇ ਨਫਰਤ ਫੈਲਾਉਣ ਵਾਲੀਆਂ ਜਥੇਬੰਦੀਆਂ ’ਤੇ ਪਾਬੰਦੀ ਲਾਉਣ ਦਾ ਵਾਅਦਾ ਕੀਤਾ। ਮੈਨੀਫੈਸਟੋ ਵਿਚ ਇਹ ਵੀ ਵਾਅਦਾ ਕੀਤਾ ਗਿਆ ਹੈ ਕਿ ਭਾਜਪਾ ਸਰਕਾਰ ਵੱਲੋਂ ਪਾਸ ਕੀਤੇ ਗੈਰਵਾਜਬ ਤੇ ਲੋਕ ਵਿਰੋਧੀ ਕਾਨੂੰਨ ਇਕ ਸਾਲ ਵਿਚ ਖਤਮ ਕਰ ਦਿੱਤੇ ਜਾਣਗੇ। ਉਧਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਜੇ ਨਗਰ ’ਚ ਰੈਲੀ ਦੌਰਾਨ ਕਿਹਾਅੱਜ ਹਨੂੰਮਾਨ ਜੀ ਦੀ ਇਸ ਪਵਿੱਤਰ ਭੂਮੀ ਨੂੰ ਨਮਨ ਕਰਨਾ ਮੇਰਾ ਬਹੁਤ ਵੱਡਾ ਸੁਭਾਗ ਹੈ ਤੇ ਦੁਰਭਾਗ ਦੇਖੋ, ਮੈਂ ਅੱਜ ਜਦੋਂ ਇਥੇ ਹਨੂੰਮਾਨ ਜੀ ਨੂੰ ਨਮਨ ਕਰਨ ਆਇਆ ਹਾਂ ਤਾਂ ਉਸੇ ਸਮੇਂ ਕਾਂਗਰਸ ਨੇ ਆਪਣੇ ਮੈਨੀਫੈਸਟੋ ਵਿਚ ਬਜਰੰਗ ਦਲ ਨੂੰ ਬੈਨ ਕਰਨ ਦਾ ਐਲਾਨ ਕਰ ਦਿੱਤਾ। ਇਹ ਉਹੀ ਕਾਂਗਰਸ ਹੈ, ਜਿਸ ਨੇ ਪਹਿਲਾਂ ਸ੍ਰੀ ਰਾਮ ਨੂੰ ਤਾਲੇ ਵਿਚ ਬੰਦ ਕੀਤਾ, ਹੁਣ ਬਜਰੰਗ ਬਲੀ ਨੂੰ ਬੰਦ ਕਰਨ ਦੀ ਗੱਲ ਕਹਿ ਰਹੀ ਹੈ। ਕਾਂਗਰਸ ਨੇ ਆਪਣੇ ਮੈਨੀਫੈਸਟੋ ਦਾ ਨਾਂਅ ‘ਸਰਵ ਜਨਾਗਦਾ ਸ਼ਾਂਤੀਯ ਤੋਟਾ’ ਰੱਖਿਆ ਹੈ।ਹਿੰਦੀ ’ਚ ਇਸ ਦਾ ਅਰਥ ‘ਸਾਰੇ ਲੋਕਾਂ ਲਈ ਸ਼ਾਂਤੀ ਦਾ ਬਾਗ’ ਹੈ। 10 ਮਈ ਨੂੰ ਵੋਟਾਂ ਪੈਣੀਆਂ ਹਨ ਅਤੇ ਵੋਟਾਂ ਦੀ ਗਿਣਤੀ 13 ਮਈ ਨੂੰ ਹੋਵੇਗੀ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਕਰਨਾਟਕ ਕਾਂਗਰਸ ਦੇ ਪ੍ਰਧਾਨ ਡੀ ਕੇ ਸ਼ਿਵਕੁਮਾਰ ਅਤੇ ਕਾਂਗਰਸ ਵਿਧਾਇਕ ਦਲ ਦੇ ਨੇਤਾ ਸਿੱਧਾਰਮਈਆ ਸਣੇ ਪਾਰਟੀ ਦੇ ਹੋਰ ਆਗੂਆਂ ਦੀ ਹਾਜ਼ਰੀ ’ਚ ਜਾਰੀ ਮੈਨੀਫੈਸਟੋ ’ਚ ਗ੍ਰਹਿ ਜੋਤੀ, ਗ੍ਰਹਿ ਲਕਸ਼ਮੀ, ਅੰਨਾ ਭਾਗਿਆ, ਯੁਵਾ ਨਿਧੀ ਅਤੇ ਸ਼ਕਤੀ ਦੀਆਂ ਪੰਜ ਗਾਰੰਟੀਆਂ ਨੂੰ ਦੁਹਰਾਇਆ ਗਿਆ ਹੈ। ਮੈਨੀਫੈਸਟੋ ਅਨੁਸਾਰ ਗ੍ਰਹਿ ਜੋਤੀ ਤਹਿਤ 200 ਯੂਨਿਟ ਮੁਫਤ ਬਿਜਲੀ ਦੇਣ ਦਾ ਵਾਅਦਾ ਕੀਤਾ ਗਿਆ ਹੈ, ਜਦਕਿ ਗ੍ਰਹਿ ਲਕਸ਼ਮੀ ਤਹਿਤ ਪਰਵਾਰ ਦੇ ਮੁਖੀ ਨੂੰ 2000 ਰੁਪਏ ਅਤੇ ਅੰਨਾ ਭਾਗਿਆ ਤਹਿਤ ਦਸ ਕਿਲੋ ਅਨਾਜ ਦੇਣ ਦਾ ਵਾਅਦਾ ਕੀਤਾ ਗਿਆ ਹੈ।

# ਕਰਨਾਟਕ:ਭਾਜਪਾ ਵੱਲੋਂ ਸਾਂਝੇ ਸਿਵਲ ਕੋਡ ਤੇ ਐੱਨਆਰਸੀ ਦਾ ਵਾਅਦਾ

ਬੰਗਲੂਰ-ਸੱਤਾਧਾਰੀ ਭਾਜਪਾ ਨੇ 10 ਮਈ ਨੂੰ ਹੋਣ ਵਾਲੀਆਂ ਅਸੈਂਬਲੀ ਚੋਣਾਂ ਲਈ ਆਪਣਾ ਚੋਣ ਮੈਨੀਫੈਸਟੋ ਜਾਰੀ ਕਰਦਿਆਂ ਕਰਨਾਟਕ ਵਿੱਚ ਸਾਂਝਾ ਸਿਵਲ ਕੋਡ (ਯੂਸੀਸੀ) ਤੇ ਕੌਮੀ ਨਾਗਰਿਕਤਾ ਰਜਿਸਟਰ (ਐੱਨਆਰਸੀ) ਲਾਗੂ ਕਰਨ ਦਾ ਵਾਅਦਾ ਕੀਤਾ ਹੈ। ਮੈਨੀਫੈਸਟ ਮੁਤਾਬਕ ਇਕ ਉੱਚ ਪੱਧਰੀ ਕਮੇਟੀ ਗਠਿਤ ਕੀਤੀ ਜਾਵੇਗੀ, ਜਿਸ ਦੀਆਂ ਸਿਫਾਰਸ਼ਾਂ ’ਤੇ ਕਰਨਾਟਕ ਵਿੱਚ ਯੂਸੀਸੀ ਲਾਗੂ ਕੀਤਾ ਜਾਵੇਗਾ। ਭਾਜਪਾ ਨੇ ਕਿਹਾ ਕਿ ਸੂਬੇ ਵਿੱਚੋਂ ਸਾਰੇ ਗੈਰਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕਰਨ ਲਈ ਕੌਮੀ ਨਾਗਰਿਕਤਾ ਰਜਿਸਟਰ ਲਿਆਂਦਾ ਜਾਵੇਗਾ।

ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ.ਨੱਢਾ ਨੇ ਮੈਨੀਫੈਸਟੋ ਜਾਰੀ ਕਰਨ ਲਈ ਰੱਖੇ ਸਮਾਗਮ ਦੌਰਾਨ ਕਿਹਾ, ਭਾਰਤੀ ਸੰਵਿਧਾਨ ਨੇ ਸਾਨੂੰ ਸਾਂਝੇ ਸਿਵਲ ਕੋਡ ਦੀ ਦਿਸ਼ਾ ਵੱਲ ਵਧਣ ਦੀ ਇਜਾਜ਼ਤ ਦਿੱਤੀ ਹੈ। ‘ਸਾਰਿਆਂ ਲਈ ਨਿਆਂ; ਕਿਸੇ ਨੂੰ ਨਾ ਪਤਿਆਉਣਾ ’ ਸਾਡੀ ਪਾਲਿਸੀ ਹੈ। ਪਾਰਟੀ ਨੇ ਸੂਬੇ ਵਿਚ ‘ਧਾਰਮਿਕ ਮੂਲਵਾਦ ਤੇ ਦਹਿਸ਼ਤ ਖਿਲਾਫ਼ ਕਰਨਾਟਕ ਸਟੇਟ ਵਿੰਗ (ਕੇ-ਸਵਿਫਟ) ਨਾਂ ਦਾ ਵਿਸ਼ੇਸ਼ ਵਿੰਗ ਕਾਇਮ ਕਰਨ ਦਾ ਵੀ ਵਾਅਦਾ ਕੀਤਾ। ਭਾਜਪਾ ਨੇ ਕਿਹਾ ਕਿ ਉਹ ਗਰੀਬੀ ਰੇਖਾ ਤੋਂ ਹੇਠਾਂ (ਬੀਪੀਐੱਲ) ਪਰਿਵਾਰਾਂ ਨੂੰ ‘ਯੁਗਾਡੀ, ਗਣੇਸ਼ ਚਤੁਰਥੀ ਤੇ ਦੀਵਾਲੀ’ ਦੇ ਮਹੀਨਿਆਂ ਦੌਰਾਨ ਤਿੰਨ ਰਸੋਈ ਗੈਸ ਸਿਲੰਡਰ ਮੁਫ਼ਤ ਮੁਹੱਈਆ ਕਰਵਾਏਗੀ।







ਦੇਗ ਤੇਗ ਫਤਹਿ

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*1 ਮਈ ਦਿਨ ਸੋਮਵਾਰ ਤੋਂ 3 ਮਈ  ਦਿਨ ਬੁੱਧਵਾਰ ਤੱਕ:ਆਰੰਭ ਸ੍ਰੀ ਅਖੰਡ ਪਾਠ ਸਾਹਿਬ ਅਤੇ ਅੰਤਿਮ ਅਰਦਾਸ ਨਮਿੱਤ ਸ. ਬਖਤੌਰ ਸਿੰਘ ਬਰਾੜ:ਵੱਲੋਂ ਸ. ਕੁਲਵੀਰ ਸਿੰਘ ਬਰਾੜ ਅਤੇ ਸਮੂਹ ਬਰਾੜ ਪਰਿਵਾਰ, ਅੰਤਿਮ ਅਰਦਾਸ ਮੇਨ ਹਾਲ ਵਿਖੇ ਸ਼ਾਮ ਨੂੰ 5 ਵਜੇ ਹੋਵੇਗੀ।

*5 ਮਈ ਦਿਨ ਸ਼ੁੱਕਰਵਾਰ ਤੋਂ 7 ਮਈ ਦਿਨ ਐਤਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਸੇਵਾ:ਸ. ਸ਼ਾਮ ਸਿੰਘ ਜੀ ਅਟਾਰੀ ਦੀ ਯਾਦ ਨੂੰ ਸਮਰਪਿਤ:ਵੱਲੋਂ ਸਮੂਹ ਸਾਧ ਸੰਗਤ ਪਿੰਡ ਕਾਉਂਕੇ ਕਲਾਂ

*6 ਮਈ ਦਿਨ ਸ਼ਨੀਵਾਰ ਸ਼ਾਮ ਦੇ ਲੰਗਰ ਦੀ ਸੇਵਾ ਸ. ਨਰਿੰਦਰ ਸਿੰਘ ਮਾਨ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ

*7 ਮਈ ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ:ਸ. ਸ਼ਾਮ ਸਿੰਘ ਜੀ ਅਟਾਰੀ ਦੀ ਯਾਦ ਨੂੰ ਸਮਰਿਪਤ:ਵੱਲੋਂ ਸਮੂਹ ਸਾਧ ਸੰਗਤ ਪਿੰਡ ਕਾਉਂਕੇ ਕਲਾਂ

*ਸ੍ਰੀ ਸਹਿਜ ਪਾਠ ਸਾਹਿਬ ਭੋਗ ਅਤੇ ਅੰਤਿਮ ਅਰਦਾਸ ਮੇਨ ਹਾਲ ਵਿਖੇ  ਸ਼ਾਮ ਨੂੰ 5 ਵਜੇ, ਨਮਿੱਤ ਸਵ: ਮਾਤਾ ਗੁਰਬਚਨ ਕੌਰ ਔਜਲਾ, ਵੱਲੋਂ ਸਮੂਹ ਔਜਲਾ ਪਰਿਵਾਰ

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਰਸ਼ਵਿੰਦਰ ਸਿੰਘ ਜਲੰਧਰ ਵਾਲੇ, ਭਾਈ ਹਰਪਾਲ ਸਿੰਘ ਜੀ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ

*ਕਥਾ ਵਾਚਕ-ਭਾਈ ਮੋਹਕਮ ਸਿੰਘ ਜੀ ਫਗਵਾੜੇ ਵਾਲੇ    *ਕਵੀਸ਼ਰੀ ਜਥਾ:ਭਾਈ ਸਤਨਾਮ ਸਿੰਘ ਮੌੜ ਮਾਲਵਾ

### ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

### ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਪ੍ਰਧਾਨ) 604-636-4247, ਮਨਜੀਤ ਸਿੰਘ ਗਰੇਵਾਲ(ਸੈਕਟਰੀ):778-908-1570

ਭਾਈ ਜੈਵੀਰ ਸਿੰਘ (ਗ੍ਰੰਥੀ):1-226-971-9955, ਭਾਈ ਕੇਵਲ ਸਿੰਘ (ਗ੍ਰੰਥੀ):1-672-998-5848


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events







**Dream Catering "Your Venue, Our Food"**

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜ਼ਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

**For Bookings, Contact: 604-203-7272**

7236 -120St, Surrey, BC Email:info@dreambanquethall.ca

# PEACE FURNITURE

For The Peace Of Your Mind






ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:

Mon-Fri: 8am to 6pm

Sat-Sun: 12 pm to 6 pm

**604-902-1415**

**#A/B/C 7967-128St, Surrey, BC V3W 4E7**

Email:sales@peacefurnituire.ca Web:www.peacefurniture.ca